# ਭਾਈ ਵੀਰ ਸਿੰਘ
# (ਕਾਵਿ ਸਿੱਧਾਂਤ)

***ਪ੍ਰਸ਼ਨ:-*** ***ਭਾਈ ਵੀਰ ਸਿੰਘ ਦੀ ਕਵਿਤਾ ਦੇ ਆਧਾਰ ਉੱਤੇ ਉਨ੍ਹਾਂ ਦੇ ਕਾਵਿ ਸਿੱਧਾਂਤ ਨੂੰ ਉਲੀਕੋ।*** ***ਜਾਂ***

***'ਭਾਈ ਵੀਰ ਸਿੰਘ ਦੇ ਕਾਵਿ ਸਿੱਧਾਂਤ ਬਹੁਤ ਉੱਚ ਪੱਧਰ ਦੇ ਹਨ।' ਵਿਚਾਰ ਕਰੋ।***

**ਉੱਤਰ:-** ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਆਖਿਆ ਜਾਂਦਾ ਹੈ। ਡਾ. ਦੀਵਾਨ ਸਿੰਘ ਦੇ ਸ਼ਬਦਾਂ ਵਿਚ, "ਭਾਈ ਵੀਰ ਸਿੰਘ ਵੀਹਵੀਂ ਸਦੀ ਦਾ ਸਭ ਤੋਂ ਉੱਘਾ ਤੇ ਮਹਾਨ ਪੰਜਾਬੀ ਸਾਹਿਤਕਾਰ ਹੈ। ਉਸ ਨੇ ਆਪਣੀ ਆਯੂ ਦਾ ਵਿਸ਼ੇਸ਼ ਭਾਗ ਪੰਜਾਬੀ ਬੋਲੀ ਤੇ ਸਾਹਿਤ ਦੀ ਅਣਥੱਕ ਸੇਵਾ ਕਰਨ ਵਿਚ ਬਤੀਤ ਕੀਤਾ। ਇਸ ਅਦੁੱਤੀ ਸੇਵਾ ਦੀ ਪ੍ਰਸ਼ੰਸਾ ਵਜੋਂ ਸੰਨ 1950 ਵਿਚ ਪੰਜਾਬ ਯੂਨੀਵਰਸਿਟੀ ਨੇ ਉਸ ਨੂੰ ਡੀ.ਓ.ਐੱਲ. ਦੀ ਆਨਰੇਰੀ ਡਿਗਰੀ ਦੇ ਕੇ ਸਤਿਕਾਰਿਆ।"

ਇਕ ਹੋਰ ਵਿਦਵਾਨ ਨੇ ਭਾਈ ਸਾਹਿਬ ਬਾਰੇ ਠੀਕ ਹੀ ਕਿਹਾ ਹੈ ਕਿ, "ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀ ਹਨ। ਉਹ ਧਾਰਮਿਕ ਆਗੂ, ਗੁਰਮੁਖ ਪੁਰਸ਼ ਅਤੇ ਸੁੰਦਰ ਭਾਵੀ ਅਤੇ ਕੋਮਲਤਾ ਦੇ ਅਵਤਾਰ ਸਨ। ਸਿੱਖਾਂ ਵਿਚ ਜਾਗ੍ਰਿਤੀ ਲਿਆਉਣ ਅਤੇ ਪੰਜਾਬੀ ਬੋਲੀ ਨੂੰ ਉੱਨਤ ਕਰਨ ਵਿਚ, ਧਾਰਮਿਕ ਤੇ ਸਮਾਜਿਕ ਖੇਤਰ ਵਿਚ ਜੋ ਕੰਮ ਭਾਈ ਦਿੱਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ। ਉਹੋ ਕੰਮ ਭਾਈ ਵੀਰ ਸਿੰਘ ਨੇ ਸਾਹਿਤਕ ਖੇਤਰ ਵਿਚ ਕੀਤਾ।

ਭਾਈ ਵੀਰ ਸਿੰਘ ਦੇ ਕਾਵਿ ਸਿੱਧਾਂਤਾਂ ਦਾ ਨਿਰੂਪਣ ਕਰਨ ਤੋਂ ਪਹਿਲਾਂ ਉਹਨਾਂ ਦੀਆਂ ਕਾਵਿ ਰਚਨਾਵਾਂ ਦਾ ਵਰਣਨ ਕਰਨਾ ਵੀ ਜ਼ਰੂਰੀ ਬਣਦਾ ਹੈ।

ਹੁਣ ਅਸੀਂ ਉਹਨਾਂ ਦੇ ਕਾਵਿ ਸਿੱਧਾਂਤਾਂ ਸੰਬੰਧੀ ਚਰਚਾ ਕਰ ਰਹੇ ਹਾਂ:-

ਰਚਨਾਵਾਂ:- ਆਪ ਦੀਆਂ ਕਾਵਿ ਰਚਨਾਵਾਂ ਦੇ ਨਾਂ ਹਨ- (1). ਰਾਣਾ ਸੂਰਤ ਸਿੰਘ (1905), (2). ਲਹਿਰਾਂ ਦੇ ਹਾਰ (1928), (3). ਬਿਜਲੀਆਂ ਦੇ ਹਾਰ (1927), (4). ਮਟਕ ਹੁਲਾਰੇ (1925), (5). ਪ੍ਰੀਤ ਵੀਣਾ (1929), (6). ਕੰਬਦੀ ਕਲਾਈ (1933), (7). ਕੰਤ ਸਹੇਲੀ, (8). ਮੇਰੇ ਸਾਈਆਂ ਜੀਓ (1953), (9). ਖ਼ਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਲਗਭਗ 350 ਕਵਿਤਾਵਾਂ ਜੋ ਪੁਸਤਕ ਰੂਪ ਵਿਚ ਨਹੀਂ ਹਨ।

**ਕਵਿਤਾ ਤੇ ਸਿੱਧਾਂਤ:-** ਕਵਿਤਾ ਕਵੀ ਦੇ ਅਨੁਭਵ ਨੂੰ ਭਾਵੁਕ ਅਤੇ ਬੌਧਿਕ ਪੱਧਰ ਉੱਤੇ ਨਿਰੂਪਣ ਕਰਦੀ ਹੈ। ਇਸ ਰਾਹੀਂ ਕਵੀ ਆਪਣੇ ਇੰਦ੍ਰਿਆਵੀ ਅਨੁਭਵ ਨੂੰ ਵਸਤੂ ਨਿਸ਼ਟ ਕਰਦਾ ਹੈ। ਸਿੱਧਾਂਤ ਜੀਵਨ ਦੇ ਕਿਸੇ ਵੀ ਖੇਤਰ ਵਿਚੋਂ ਨਿਤਰੇ ਤੱਤਾਂ ਜਾਂ ਸੰਕਲਪਾਂ ਦਾ ਪ੍ਰਣਾਲੀ-ਬੱਧ ਬਿਆਨ ਹੁੰਦਾ ਹੈ। ਇਵੇਂ ਹੀ ਕਿਸੇ ਵੀ ਰਚਨਾ ਨੂੰ ਤਰਤੀਬ ਦੇਣ ਵਾਲੀਆਂ ਵਿਧੀਆਂ ਜਾਂ 'ਜੁਗਤਾਂ' ਵੀ ਸਿੱਧਾਂਤਕ ਖੇਤਰ ਵਿਚ ਆਉਂਦੀਆਂ ਹਨ। ਇਕ ਵਿਦਵਾਨ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਕਵਿਤਾ ਵਿੱਚ ਲਿਖੇ ਸਿੱਧਾਂਤਾਂ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ। ਨਾ ਕਵਿਤਾ ਦੀ ਪ੍ਰਕ੍ਰਿਤੀ ਸਿੱਧਾਂਤਕ ਹੈ ਅਤੇ ਨਾ ਹੀ ਪ੍ਰਯੋਜਨ। ਕਵਿਤਾ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਦੋਵੇਂ ਹੀ ਇੰਦ੍ਰਿਆਵੀ ਅਨੁਭਵ ਨਾਲ ਸੰਬੰਧਿਤ ਹਨ। ਇਹ ਜ਼ਰੂਰੀ ਨਹੀਂ ਕਿ ਹਰ ਕਵੀ ਸਿੱਧਾਂਤਕਾਰ ਵੀ ਹੋਵੇ, ਪਰ ਹਰ ਕਵਿਤਾ ਦਾ ਕੋਈ ਨਾ ਕੋਈ ਸਿੱਧਾਂਤਕ ਪਹਿਲੂ ਜ਼ਰੂਰ ਹੁੰਦਾ ਹੈ। ਕਵੀ ਸਿੱਧਾਂਤਾਂ ਨੂੰ ਅਚੇਤ ਅਤੇ ਸੁਚੇਤ ਦੋਵੇਂ ਤਰ੍ਹਾਂ ਪ੍ਰਯੋਗ ਕਰ ਜਾਂਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਵੀ ਅਜਿਹਾ ਹੋਇਆ ਹੈ।

**ਬੁਨਿਆਦੀ ਤੌਰ 'ਤੇ ਸਾਹਿਤਕਾਰ:-** ਭਾਈ ਵੀਰ ਸਿੰਘ ਬੁਨਿਆਦੀ ਤੌਰ 'ਤੇ ਸਾਹਿਤਕਾਰ ਹੈ ਤੇ ਸਿੱਧਾਂਤਕਾਰ ਪਿੱਛੋਂ ਹੈ। ਸਾਹਿਤਕਾਰ ਅਤੇ ਸਿੱਧਾਂਤਕਾਰ ਵਿਚ ਬਹੁਤ ਫ਼ਰਕ ਹੈ। ਭਾਈ ਸਾਹਿਬ ਭਾਵੇਂ ਆਪਣੀ ਸਾਹਿਤ ਰਚਨਾ ਪ੍ਰਚਾਰ ਲਈ ਹੀ ਕਿਉਂ ਨਾ ਕਰਦੇ ਹੋਣ, ਪਰ ਕਿਉਂਕਿ ਉਹ ਸਾਹਿਤ ਰਚਨਾ ਕਰ ਰਹੇ ਹੁੰਦੇ ਹਨ, ਇਸ ਲਈ ਉਹਨਾਂ ਨੂੰ ਵਧੇਰੇ ਸਾਹਿਤਕਾਰ ਕਹਿਣਾ ਹੀ ਠੀਕ ਹੈ। ਇਕ ਆਲੋਚਕ ਨੇ ਸਾਹਿਤਕਾਰ ਅਤੇ ਸਿੱਧਾਂਤਕਾਰ ਦੇ ਅੰਤਰ ਨੂੰ ਨਿਖੇੜਦਿਆਂ ਲਿਖਿਆ ਹੈ, "ਸਾਹਿਤ ਸਿਰਜਣਾ ਦੀ ਬੁਨਿਆਦੀ ਇਕਾਈ ਰੂਪਕ ਹੈ। ਸਾਹਿਤਕਾਰ ਦੀ ਭਾਸ਼ਾ, ਮੁਹਾਵਰਾ, ਚਿੰਤਨ ਦ੍ਰਿਸ਼ਟੀ ਅਤੇ ਅਨੁਭੂਤੀ ਸਭ ਰੂਪਕ ਵਿਚ ਰੂਪ ਧਾਰਦੇ ਹਨ। ਰੂਪਕ ਵਿੱਚ ਹੀ ਕਾਵਿ ਦ੍ਰਿਸ਼ ਰੂਪਮਾਨ ਹੁੰਦਾ ਹੈ। ਸਿੱਧਾਂਤਕਾਰ ਦਾ ਪ੍ਰਮੁੱਖ ਹਥਿਆਰ ਵਿਚਾਰ ਹੈ। ਭਾਈ ਵੀਰ ਸਿੰਘ ਅਜਿਹਾ ਕਵੀ ਸੀ ਜਿਸ ਨੇ ਆਪਣੇ ਲਈ ਕਾਵਿ-ਸਿੱਧਾਂਤ ਖੁਦ ਘੜੇ ਅਤੇ ਪਰੰਪਰਾ ਤੋਂ ਬਾਗੀ ਹੋਇਆ। ਵਾਲਟ ਵਿਟਮੈਨ, ਪ੍ਰਸਿੱਧ ਅਮਰੀਕੀ ਕਵੀ ਦੀ ਤੁਲਨਾ ਆਮ ਤੌਰ 'ਤੇ ਪ੍ਰੋ. ਪੂਰਨ ਸਿੰਘ ਨਾਲ ਕੀਤੀ ਜਾਂਦੀ ਹੈ, ਪਰ ਜਦੋਂ ਕਾਵਿ-ਸਿੱਧਾਂਤ ਦੀ ਗੱਲ ਆਉਂਦੀ ਹੈ ਤਾਂ ਉਸ ਦੀ ਤੁਲਨਾ ਭਾਈ ਵੀਰ ਸਿੰਘ ਨਾਲ ਕਰਨੀ ਜ਼ਰੂਰੀ ਹੋ ਜਾਂਦੀ ਹੈ, ਪ੍ਰੋ. ਪ੍ਰਿਯਵੰਤ ਬਿਸ਼ਟ (Priya Vrat Bisht) ਵਾਲਟ ਵਿਟਮੈਨ ਬਾਰੇ ਲਿਖਦਾ ਹੈ-

*"Whitman was an Unconventional write, His-self procaimed mission was one of the first tb set up new traditions of forman dexpression. In his treatment of certainr Thoughts and feelings, passion and appetitcs and of elemental human nature, he was at war with what he considered to be the conventions of an effeminate society. Notwith standing these deviations, whitman possessed an intense poetic insight and orignally freshsense of nature."*

ਭਾਵ ਵਿਟਮੈਨ ਇਕ ਗ਼ੈਰ-ਰਵਾਇਤੀ ਕਿਸਮ ਦਾ ਲੇਖਕ ਸੀ। ਉਹ ਕਹਿੰਦਾ ਸੀ ਕਿ ਉਸ ਦਾ ਮਿਸ਼ਨ ਬਾਹਰਲੇ ਸਰੂਪ ਤੇ ਪ੍ਰਗਟਾਅ ਦੀਆਂ ਨਵੀਆਂ ਰਵਾਇਤਾਂ ਨੂੰ ਕਾਇਮ ਕਰਨਾ ਸੀ। ਵਿਸ਼ੇਸ਼ ਵਿਚਾਰਾਂ ਅਤੇ ਅਹਿਸਾਸਾਂ, ਮਨੋਭਾਵਾਂ ਅਤੇ ਭੁੱਖਾਂ ਅਤੇ ਮਨੁੱਖੀ ਪ੍ਰਕਿਰਤੀ ਦੇ ਜ਼ਰੂਰੀ ਸਰੂਪ ਦੇ ਨਿਪਟਾਰੇ ਦੇ ਸੰਬੰਧ ਵਿਚ, ਉਹ ਆਪਣੇ ਸਮੇਂ ਦੇ ਦੁਰਬਲ ਸਮਾਜ ਦੀਆਂ ਰਵਾਇਤਾਂ ਨਾਲ ਘੋਲ ਕਰ ਰਿਹਾ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਬਾਵਜੂਦ ਉਸ ਅੰਦਰ ਭਾਰੀ ਕਾਵਿਕ ਸੂਝ ਸੀ ਅਤੇ ਪ੍ਰਕ੍ਰਿਤੀ ਪ੍ਰਤਿ ਉਹ ਮੌਲਿਕ ਤੇ ਨਵੇਂ ਢੰਗਾਂ ਨਾਲ ਸੋਚਦਾ ਹੈ।

**ਭਾਈ ਵੀਰ ਸਿੰਘ ਅਤੇ ਵਾਲਟ ਵਿਟਮੈਨ:-** ਭਾਈ ਵੀਰ ਸਿੰਘ ਅੰਦਰ ਅਜਿਹਾ ਬਹੁਤ ਕੁਝ ਮਿਲਦਾ ਹੈ ਜੋ ਕਾਵਿ ਸਿੱਧਾਂਤ ਦੇ ਪੱਖ ਤੋਂ ਵਾਲਟ ਵਿਟਮੈਨ ਨਾਲ ਮਿਲਦਾ-ਜੁਲਦਾ ਹੈ- ਜੋ ਗੱਲਾਂ ਕਵਿਤਾ ਦੇ ਸਿੱਧਾਂਤਾਂ ਦੇ ਰੂਪ ਵਿਚ ਵਿਟਮੈਨ ਨੇ ਕਹੀਆਂ ਹਨ, ਉਹ ਭਾਈ ਵੀਰ ਸਿੰਘ ਅੰਦਰ ਕਾਫ਼ੀ ਹੱਦ ਤੱਕ ਮਿਲਦੀਆਂ ਹਨ। ਉਪਰੋਕਤ ਤੋਂ ਪਤਾ ਲੱਗਦਾ ਹੈ ਕਿ ਭਾਈ ਵੀਰ ਸਿੰਘ ਅੰਦਰ ਵੀ ਕਈ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਨੂੰ ਵਿਟਮੈਨ ਵਾਂਗ ਉਸ ਦੇ ਕਾਵਿ-ਸਿੱਧਾਂਤ ਦਾ ਹਿੱਸਾ ਮੰਨਿਆ ਜਾ ਸਕਦਾ ਹੈ-

(i) ਉਹ ਰਵਾਇਤੀ ਕਵਿਤਾ ਤੋਂ ਟੁੱਟ ਕੇ ਚਲਣਾ ਚਾਹੁੰਦੇ ਸਨ ਅਤੇ ਇਹ ਉਸ ਦਾ ਇਕ ਬਾਗ਼ੀਆਨਾ ਕਦਮ ਸੀ।

(ii) ਪ੍ਰਗਟਾਅ ਦੀ ਸੁਤੰਤਰਤਾ ਦੇ ਉਹ ਹਾਮੀ ਸਨ ਅਤੇ ਉਹ ਪ੍ਰਗਟਾਅ ਦੀ ਵਿਧੀ ਨੂੰ ਨਿੱਜੀ ਪੱਖ ਤੋਂ ਚੁਣਨ ਦੇ ਹੱਕ ਵਿਚ ਸਨ।

(iii) ਉਹ ਮਨੁੱਖੀ ਪ੍ਰਕ੍ਰਿਤੀ ਨੂੰ ਉਪਰਲੇ ਪੱਧਰ ਤੋਂ ਨਾ ਵੇਖ ਕੇ ਅੰਦਰਲੇ ਪੱਖ ਤੋਂ ਵੇਖਦੇ ਸਨ।

(iv) ਭਾਈ ਸਾਹਿਬ ਕਵਿਤਾ ਅੰਦਰਲੇ ਜਜ਼ਬੇ ਨੂੰ ਕਵਿਤਾ ਦੀ ਸਮੱਗਰੀ ਨਾਲ ਇਕਮਿਕ ਕਰਨ ਦੇ ਹੱਕ ਵਿਚ ਸਨ। ਉਹ ਵਿਸ਼ਾ-ਪੱਖ ਅਤੇ ਰੂਪਕ ਪੱਖ ਵਿਚਕਾਰ ਇਕਸੁਰਤਾ ਪੈਦਾ ਕਰਨਾ ਚਾਹੁੰਦੇ ਸਨ।

(v) ਪ੍ਰਕਿਰਤੀ ਨੂੰ ਉਹ ਬੇਜਾਨ ਚੀਜ਼ ਖ਼ਿਆਲ ਨਹੀਂ ਕਰਦੇ ਸਨ, ਸਗੋਂ ਇਸ ਨੂੰ ਜਾਨਦਾਰ ਖ਼ਿਆਲ ਕਰਦੇ ਸਨ ਜਿਸ ਵਿਚੋਂ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਵਿਟਮੈਨ ਦੀ ਪੁਸਤਕ ('Leaves of Grass') ਅਜਿਹੀਆਂ ਉਦਾਹਰਣਾਂ ਨਾਲ ਭਰਪੂਰ ਹੈ।

Scanned with CamScanner

(vi) ਉਹ ਸ਼ਬਦਾਂ ਦੀ ਚੋਣ ਰਹੱਸਵਾਦੀ ਲੋੜ ਨੂੰ ਮੁੱਖ ਰੱਖ ਕੇ ਕਰਨ ਦੇ ਹੱਕ ਵਿਚ ਸਨ।

(vii) ਉਹ ਕਵਿਤਾ ਅੰਦਰਲੀ ਸੁੰਦਰਤਾ ਨੂੰ ਕਾਇਮ ਰੱਖਣ ਲਈ ਅਲੰਕਾਰਾਂ, ਰਸਾਂ ਆਦਿ ਦੀ ਵਰਤੋਂ ਨੂੰ ਜਾਇਜ਼ ਸਮਝਦੇ ਸਨ।

(viii) ਉਨ੍ਹਾਂ ਦਾ ਕਾਵਿ-ਸਿੱਧਾਂਤ ਅੰਦਰਲੇ ਗਿਆਨ (Intution) ਨੂੰ ਆਧਾਰ ਬਣਾ ਕੇ ਕਵਿਤਾ ਲਿਖਣ ਵਿਚ ਵਿਸ਼ਵਾਸ ਉੱਪਰ ਆਧਾਰਿਤ ਹੈ। ਵਾਲਟ ਵਿਟਮੈਨ ਨੇ ਵੀ ਇਸ ਉੱਪਰ ਬਹੁਤ ਜ਼ੋਰ ਦਿੱਤਾ ਹੈ।

(ix) ਅਹਿਸਾਸ ਨੂੰ ਭਾਈ ਸਾਹਿਬ ਬਹੁਤ ਮਹਤਤਾ ਦਿੰਦੇ ਹਨ।

(x) ਭਾਈ ਵੀਰ ਸਿੰਘ ਦੇ ਕਾਵਿ-ਸਿੱਧਾਂਤ ਅੰਦਰ ਇਕ ਗੱਲ ਇਹ ਹੈ ਕਿ ਉਹੀ ਕੁਝ ਲਿਖਣਾ ਚਾਹੀਦਾ ਹੈ ਜੋ ਮਨ ਮਹਿਸੂਸ ਕਰੇ ਅਤੇ ਕਵੀ ਦੀ ਈਮਾਨਦਾਰੀ (Sincerity) ਇਸੇ ਵਿਚ ਹੈ।

(xi) ਸੱਚਾਈ ਅਤੇ ਸੁੰਦਰਤਾ ਦੀ ਭਾਲ ਵਿਚ ਲਿਖੀ ਕਵਿਤਾ ਹੀ ਸਹੀ ਕਿਸਮ ਦੀ ਕਵਿਤਾ ਹੈ। ਮਨ ਦੀ ਪਵਿੱਤਰਤਾ ਹੀ ਕਿਸੇ ਕਾਵਿ ਨੂੰ ਉੱਚਾ ਦਰਜਾ ਦਿੰਦੀ ਹੈ।

**ਕੀਟਸ ਦੀ ਰਾਏ:-** ਇਸ ਗੱਲ ਬਾਰੇ ਕੀਟਸ (Keats) ਨੇ ਵੀ ਲਿਖਿਆ ਹੈ-

*"I am certain of nothing but of the holiness of the Hear's affections and the truth of Imagination. What the Imagination seizes as beauty must be truth."*

ਕੀਟਸ ਕਹਿੰਦਾ ਹੈ ਕਿ ਮੈਨੂੰ ਕਿਸੇ ਚੀਜ਼ ਉੱਪਰ ਇਨ੍ਹਾਂ ਯਕੀਨ ਨਹੀਂ ਜਿੰਨਾ ਕਿ ਮੈਨੂੰ ਦਿਲ ਦੇ ਲਗਾਉ ਅਤੇ ਕਲਪਨਾ ਦੇ ਸੱਚ ਉੱਪਰ ਹੈ। ਜਿਸ ਨੂੰ ਮਨ ਸੁੰਦਰਤਾ ਖ਼ਿਆਲ ਕਰਦਾ ਹੈ ਉਹੀ ਸੱਚ ਹੈ।

ਭਾਈ ਵੀਰ ਸਿੰਘ ਅੰਦਰ ਦਿਲ ਦਾ ਲਗਾਉ ਪੂਰੀ ਤਰ੍ਹਾਂ ਮੌਜੂਦ ਸੀ। ਇਹ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਪੂਰੀ ਤਰ੍ਹਾਂ ਪ੍ਰਗਟ ਹੁੰਦਾ ਹੈ। ਉਨ੍ਹਾਂ ਅੰਦਰ ਉੱਚ ਕਲਪਨਾ ਵੀ ਸੀ, ਜਿਹੜੀ ਸਮੇਂ ਤੇ ਸਥਾਨ ਦੀ ਹੱਦ ਟਪ ਕੇ ਅਨੰਤ ਸ਼ਕਤੀ ਤੱਕ ਪੁੱਜ ਸਕਦੀ ਸੀ।

**ਕਾਵਿ ਰੰਗ ਸੁੰਦਰਤਾ:-** ਇਕ ਵਿਦਵਾਨ ਦੇ ਸ਼ਬਦਾਂ ਵਿਚ, ਭਾਈ ਵੀਰ ਸਿੰਘ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਆਪਣੇ ਕਾਵਿ-ਸਿੱਧਾਂਤ ਸੁਚੇਤ ਤੌਰ 'ਤੇ ਦਸਣ ਦੀ ਕੋਸ਼ਿਸ਼ ਕੀਤੀ ਹੈ,ਪਰ ਇਨ੍ਹਾਂ ਕਵਿਤਾਵਾਂ ਵਿਚੋਂ ਪ੍ਰਮੁੱਖ ਕਵਿਤਾ ਹੈ, "ਕਾਵਿ-ਰੰਗ ਦੀ ਸੁੰਦਰਤਾ।" ਭਾਈ ਵੀਰ ਸਿੰਘ ਨੇ ਆਪਣੀ ਇਹ ਕਵਿਤਾ ਸੰਕਲਪਵਾਦੀ ਸੁਰ ਵਿਚ ਲਿਖੀ ਹੈ। ਆਪਣੀ ਇਸ ਸਿੱਧਾਂਤਕ ਰੰਗਣ ਵਾਲੀ ਕਵਿਤਾ ਵਿੱਚ ਭਾਈ ਵੀਰ ਸਿੰਘ ਸੱਭ ਤੋਂ ਪਹਿਲਾਂ ਦੱਸਦਾ ਹੈ ਕਿ ਕਵਿਤਾ ਦਾ ਪ੍ਰੇਰਨਾ-ਸਰੋਤ ਸੁੰਦਰਤਾ ਦੀ ਸਿਰਜਣਾ ਕਰਨਾ ਹੈ ਆਪਣੀ ਇਸ ਕਵਿਤਾ ਦੇ ਸਿਰਲੇਖ ਦਾ ਭਾਵਾਰਥ ਦੱਸਦਿਆਂ ਉਹ ਲਿਖਦਾ ਹੈ, "ਉਹ ਉੱਚ 'ਸੁੰਦਰਤਾ ਦੀ ਪ੍ਰਤੀਤੀ' ਜਿਸ ਦੇ ਆਵੇਸ਼ ਵਿੱਚ ਕਵੀ ਤੋਂ ਉੱਚ ਕਾਵਯ ਪ੍ਰਕਾਸ਼ਦਾ ਹੈ।" ਕਵਿਤਾ ਦੀ ਇਹ ਸੁੰਦਰਤਾ ਅਗੰਮੀ ਅਤੇ ਹੱਥਾਂ ਦੀ ਛੋਹ ਤੋਂ ਪਰ੍ਹਾਂ ਹੈ। ਕਵਿਤਾ ਦਾ ਆਪਣਾ ਹੀ ਸੰਗੀਤ ਅਤੇ ਆਪਣਾ ਹੀ ਪ੍ਰਕਾਸ਼ ਹੁੰਦਾ ਹੈ। ਭਾਈ ਵੀਰ ਸਿੰਘ ਇਸ ਸਿੱਧਾਂਤਕ ਕਵਿਤਾ ਵਿਚ ਆਪਣਾ ਸੰਗੀਤ ਅਤੇ 'ਆਪਣਾ ਪ੍ਰਕਾਸ਼' ਜਿਹੇ ਸ਼ਬਦਾਂ ਨੂੰ ਕਾਮਿਆਂ ਵਿਚ ਰੱਖ ਕੇ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿਵਾਉਣਾ ਚਾਹੁੰਦਾ ਹੈ ਕਿ ਕਵਿਤਾ ਦਾ ਸੰਗੀਤ ਅਤੇ ਪ੍ਰਕਾਸ਼ ਦੁਨਿਆਵੀ ਸੰਗੀਤ ਅਤੇ ਪ੍ਰਕਾਸ਼ ਨਾਲੋਂ ਬਿਲਕੁਲ ਵੱਖਰੀ ਕਿਸਮ ਦਾ ਹੈ। ਇਸ ਕਥਨ ਦੀ ਪੁਸ਼ਟੀ ਲਈ ਕਵਿਤਾ ਵਿਚੋਂ ਇੱਕ ਉਦਾਹਰਣ ਪੇਸ਼ ਹੈ:-

*"ਕਵਿਤਾ ਦੀ ਸੁੰਦਰਤਾਈ, ਉੱਚੇ ਨੱਛਤਰੀ ਵਸਦੀ,*
*'ਆਪਣੇ ਸੰਗੀਤ' ਲਹਿਰੇ, 'ਆਪਣੇ ਪ੍ਰਕਾਸ਼' ਲਸਦੀ,*
*ਇਕ ਸ਼ਾਮ ਨੂੰ ਏ ਓਥੋਂ, ਹੇਠਾਂ ਪਲਮਦੀ ਆਈ,*
*ਹਸ ਰੰਗ ਨਾਲ ਕੰਬਦੀ, ਸੰਗੀਤ ਥਰਥਰਾਈ।"*

"ਇਸ ਤਰ੍ਹਾਂ ਭਾਈ ਵੀਰ ਸਿੰਘ ਆਪਣੀ ਵਿਸ਼ੇਸ਼ ਕਵਿਤਾ ਵਿਚ ਅਸਾਧਾਰਣ ਤੌਰ 'ਤੇ ਕਵਿਤਾ ਨੂੰ ਰਸ, ਰੰਗ, ਸੰਗੀਤ ਅਤੇ ਸੁੰਦਰਤਾ ਨਾਲ ਜੋੜ ਰਿਹਾ ਹੈ।"

**ਕਵਿਤਾ ਮਸਤੀ ਤੋਂ ਵਿਗਸਦੀ ਹੈ:-** ਭਾਈ ਸਾਹਿਬ ਦਾ ਦੂਜਾ ਕਾਵਿ ਸਿੱਧਾਂਤ ਹੈ ਕਿ ਕਵਿਤਾ ਦਾ ਜਨਮ ਮਸਤੀ ਵਿਚੋਂ ਹੁੰਦਾ ਹੈ। ਉਹ ਦੁਨਿਆਵੀ ਖਲਜਗਣਾਂ ਤੋਂ ਪਰ੍ਹਾਂ ਰਹਿ ਕੇ ਵਿਸਮਾਦ ਦੀ ਦਸ਼ਾ ਵਿਚ ਜਨਮ ਲੈਂਦੀ ਹੈ। 'ਹੋਸ਼ ਮਸਤੀ' ਕਵਿਤਾ ਭਾਵੇਂ ਭਾਈ ਵੀਰ ਸਿੰਘ ਦੇ ਜੀਵਨ ਸਿੱਧਾਂਤ ਵਲ ਸੰਕੇਤ ਕਰਦੀ ਹੈ, ਪਰ ਇਹ ਉਹਨਾਂ ਦੇ ਕਾਵਿ ਸਿੱਧਾਂਤ ਨੂੰ ਵੀ ਰੇਖਾ ਅੰਕਿਤ ਕਰਦੀ ਹੈ। ਇਸ ਕਵਿਤਾ ਵਿਚ ਉਹ ਲਿਖਦੇ ਹਨ-

*"ਭਟਕਣ ਛਡ ਲਟਕ ਲਾ ਇਕੋ*
*ਖੀਵੀ ਹੋ ਸੁਖ ਮਾਣੀ*
*ਹੋਸ਼ਾ ਨਾਲੋਂ ਮਸਤੀ ਚੰਗੀ*
*ਰਖਦੀ ਸਦਾ ਟਿਕਾਣੇ।"*

**ਵਲਵਲਾ:-** ਵਿਦਵਾਨਾਂ ਨੇ ਵਲਵਲੇ ਨੂੰ ਕਵਿਤਾ ਦਾ ਇਕ ਜ਼ਰੂਰੀ ਤੱਤ ਮੰਨਿਆ ਹੈ। ਉਹ ਬੁੱਧੀ ਮੰਡਲੇ ਦੀ ਕੈਦ ਨਾਲੋਂ ਵਲਵਲੇ ਦੇ ਦੇਸ਼ ਨੂੰ ਪਹਿਲ ਦਿੰਦੇ ਹਨ। ਇਸੇ ਲਈ ਉਹ ਜੀਵਨ ਕੀ ਹੈ'? ਵਿਚ ਕਹਿੰਦੇ ਹਨ-

*ਬੈਠ ਵੇ ਗਿਆਨੀ, ਬੁੱਧੀ ਮੰਡਲੇ ਦੀ ਕੈਦ ਵਿਚ*
*ਵਲਵਲੇ ਦੇ ਦੇਸ਼ ਸਾਡੀਆਂ, ਲਗ ਗਈਆਂ ਯਾਰੀਆਂ।*

ਅਤੇ

*ਅੰਦਰ ਵੜੇ, ਵਲਵਲੇ ਛੇੜੇ ਅਤੇ ਤੁਣਕੇ ਦੇ ਦਿਲ ਖਸਦਾ*
*ਮੋਤੀ ਮੱਤੀ ਤੇ ਰਸ ਲਹਿਰੀ, ਫੜਨ ਉਠਾ, ਉਠ ਨਸਦਾ।*

**ਸੰਗੀਤ:-** ਕਵਿਤਾ ਅਤੇ ਸੰਗੀਤ ਦਾ ਇਕ ਬਹੁਤ ਹੀ ਡੂੰਘਾ ਰਿਸ਼ਤਾ ਹੈ। ਜਿਸ ਕਵਿਤਾ ਵਿਚ ਸੰਗੀਤ ਹੈ, ਉਹ ਕਵਿਤਾ ਸਾਧਾਰਨ ਨਾ ਹੋ ਕੇ ਵਿਸ਼ੇਸ਼ ਬਣ ਜਾਂਦੀ ਹੈ। ਭਾਈ ਵੀਰ ਸਿੰਘ ਸੰਗੀਤ ਦੇ ਚਮਤਕਾਰੀ ਪ੍ਰਭਾਵ ਨੂੰ ਆਪਣੀ ਇਕ ਕਵਿਤਾ 'ਰਾਗ ਦੀ ਸੁਰ' ਵਿਚ ਇਉਂ ਬਿਆਨ ਕਰਦੇ ਹਨ-

*"ਸੁਰ ਇਕ ਕੋਮਲ ਗਲਿਓਂ ਨਿਕਲੀ*
*ਮੇਰੇ ਪਾਸ ਖਲੋਤੀ ਆਇ*
*ਕੰਬੇ ਤੇ ਲਹਿਰੇ ਥਰਰਾਂਦੀ,*
*ਦਿੱਤੀ ਇਕ ਝਰਨਾਟ ਛਿੜਾਇ,*
*ਆਪਾ ਕੰਬ ਸਰੂਰ ਹੋ ਗਿਆ,*
*ਸੁਪਨ ਵੰਨ ਰੰਗ ਰੂਪ ਅਰੂਪ*
*ਅਰਸ਼ ਕੁਰਸ਼ ਦੇ ਝੂਟੇ ਝੂੰਮੇ*
*ਲਾ-ਮਕਨੀ ਡੋਬ ਡੁਬਾਇ।"*

ਇਸੇ ਪ੍ਰਕਰਣ ਵਿਚ ਇੱਕ ਵਿਦਵਾਨ ਲਿਖਦਾ ਹੈ ਕਿ ਕਵਿਤਾ ਦਾ ਅਗਲਾ ਕੰਮ ਸੰਗੀਤ ਵਾਂਗ ਗਤੀਸ਼ੀਲ ਹੋਣਾ ਹੈ। ਗਤੀ ਦੀ ਪ੍ਰਕਿਰਿਆ ਪਦਾਰਥਕ ਹੋਂਦ ਨੂੰ ਬਦਲ ਦਿੰਦੀ ਹੈ। ਕਵਿਤਾ ਗਤੀਸ਼ੀਲ ਹੋ ਕੇ ਆਪਣੇ ਸਥਿਰ ਅਰਥਾਂ ਨਾਲੋਂ ਟੁੱਟ ਜਾਂਦੀ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਇਸ ਗਤੀ ਦੀ ਪ੍ਰਕਿਰਿਆ ਵਿਚ ਨਹੀਂ ਪੈਂਦੀ। ਇਸ ਕਵਿਤਾ ਵਿੱਚ ਸੰਗੀਤ ਦੀ ਗੱਲ ਤਾਂ ਕੀਤੀ ਗਈ ਹੈ, ਪਰ ਇਹ ਸੰਗੀਤ ਵੀ ਕਵਿਤਾ ਵਾਂਗ ਹੀ ਧੁਰੋਂ ਪ੍ਰਾਪਤ ਹੁੰਦਾ ਹੈ। ਜਿਸ ਨੂੰ ਇਹ ਸੰਗੀਤ ਰੂਪੀ ਬਖਸ਼ਿਸ਼ ਪ੍ਰਾਪਤ ਹੋ ਜਾਂਦੀ ਹੈ ਉਸ ਦੀ ਹਾਲਤ ਇਕਸੁਰਤਾ ਅਤੇ ਇਕਾਗਰਤਾ ਵਾਲੀ ਹੋ ਜਾਂਦੀ ਹੈ। ਇਹ ਬਖਸ਼ਿਸ਼ ਛਿਣ-ਭੰਗਰੀ ਹੁੰਦੀ ਹੈ। ਕਵਿਤਾ ਵੀ ਇਸ ਬਖਸ਼ਿਸ਼ ਵਾਂਗ ਅਟਿਕ ਹੈ ਜੋ ਇਕ ਛਿਣ ਵਿਚ ਆਉਂਦੀ ਵੀ ਹੈ ਅਤੇ ਚਲੇ ਵੀ ਜਾਂਦੀ ਹੈ। ਕਵੀ ਲਿਖਦਾ ਹੈ-

*"ਬਿਜਲੀ ਦੀ ਕੂੰਦ ਦਸ ਤੂੰ, ਟਿਕਾਵੀ ਕਿਵੇਂ ਟਿਕਾਈ?*
*ਲਸ ਦੇ ਕੇ ਕਿਰਨ ਸੂਰਜ ਲਰਜ਼ੇ ਦੇ ਦੇਸ਼ ਜਾਏ,*
*ਸੁਰ ਰਾਗ ਦੀ ਥੱਰਾਂਦੀ, ਕਿਸ ਨੇ ਹੈ ਬੰਨ੍ਹ ਬਹਾਈ?*
*ਉਲਕਾ ਆਕਾਸ਼ ਲਿਸ਼ਕੇ, ਚਮਕਾਰ ਮਾਰ ਖਿਸਕੇ,*

Scanned with CamScanner

ਜੁੱਸਾ ਧਨੁੱਖ ਅਕਾਸ਼ੀ, ਕਿਸ ਨੇ ਟਿਕਾ ਲਿਆ ਈ?
ਚੰਦ ਰਿਸ਼ਮ ਜੁ ਤਿਲਕੇ, ਤਾਰਯੋਂ ਜੁ ਡਲ੍ਹਕ ਪਲਮੇਂ,
ਦੇ ਕੇ ਮਟਕਾ ਖਿਸਕੇ, ਟਿਕਦੀ ਨਜ਼ਰ ਨਾ ਆਈ।
ਚਾਤ੍ਰਿਕ ਦੀ ਪਯਾਰ ਚਿਤਵਨ, ਕੋਇਲ ਦੀ ਕੂਕ ਕਹਾਣੀ,
ਗਮਕਾਰ ਦੇ ਨਸਾਵੇ, ਕਾਬੂ ਕਦੇਂ ਹੈ ਆਈ?"

**ਸੱਚੀ ਕਲਮ ਦੁਖੀਆਂ ਨੂੰ ਸ਼ਾਂਤੀ ਦਿੰਦੀ ਹੈ-** ਕਵੀ ਦਾ ਇਕ ਹੋਰ ਵਿਸ਼ਵਾਸ ਹੈ ਕਿ ਸੱਚੀ ਕਲਮ ਸੰਸਾਰ ਵਿਚ ਦੁਖੀ ਹੋ ਰਹੇ ਲੋਕਾਂ ਨੂੰ ਸ਼ਾਂਤੀ ਅਤੇ ਸੁੱਖ ਪੁਜਾਂਦੀ ਹੈ। ਖਾਲਸਾ ਸਮਾਚਾਰ ਵਿਚ ਛਪੀ ਆਪਣੀ ਇਕ ਕਵਿਤਾ 'ਲਿਖਾਰੀ ਨੂੰ' ਵਿਚ ਉਹ ਕਹਿੰਦੇ ਹਨ-

"ਇਕ ਦਿਨ ਅੰਮ੍ਰਿਤ ਡੋਹਲਦੀ ਬੋਲ ਪਈ ਮੈਂ ਕਲਮ।
ਮੈਂ ਜਾਦੂ ਨਹੀਂ ਪਾਪ ਤੋਂ, ਅਸਮਤ ਮੇਰੀ ਰੱਖ।
ਵਰਤਣ ਮੇਰੀ ਉਹ ਕਰੀਂ, ਜਿਸ ਵਿਚ ਪਾਪ ਨ ਲੇਸ।
ਜਗਤ ਜਲੰਦੇ ਦੀ ਕਲਮ ਲਿਖਣ ਵਾਲੇ ਸੋ ਲਿਖ।"

**ਸਿੱਟਾ:-** ਸਿੱਟੇ ਵਜੋਂ ਭਾਈ ਵੀਰ ਸਿੰਘ ਦੀਆਂ ਕਾਵਿ ਧਾਰਾਵਾਂ ਜਿੱਥੇ ਮੌਲਿਕ ਹਨ ਉੱਥੇ ਸੂਫ਼ੀ ਗੁਰਮਤਿ ਅਤੇ ਪੱਛਮੀ ਕਾਵਿ ਧਾਰਾਵਾਂ ਨਾਲ ਵੀ ਮੇਲ ਖਾਂਦੀਆਂ ਹਨ ਅੰਤ ਵਿਚ ਅਸੀਂ ਡਾ. ਗੁਰਚਰਨ ਸਿੰਘ ਮਹਿਤਾ ਦੇ ਸ਼ਬਦਾਂ ਵਿਚ ਆਖ ਸਕਦੇ ਹਾਂ ਕਿ ਭਾਈ ਸਾਹਿਬ ਦੇ ਕਾਵਿ ਸਿੱਧਾਂਤ ਦੀਆਂ ਮੂਲ ਧਾਰਣਾਵਾਂ ਕਾਫ਼ੀ ਹੱਦ ਤੱਕ ਗੁਰਬਾਣੀ ਦੀਆਂ ਮੂਲ ਧਾਰਣਾਵਾਂ ਨਾਲ ਵੀ ਮਿਲਦੀਆਂ ਹਨ। ਗੁਰਬਾਣੀ ਵਿਚ ਇਹ ਸਾਫ਼ ਪ੍ਰਗਟ ਕੀਤਾ ਗਿਆ ਹੈ ਜਿਸ ਦੇ ਹਿਰਦੇ ਵਿਚ ਜਤੁ ਤੇ ਧੀਰਜ ਦੇ ਗੁਣ ਵਿਦਮਾਨ ਹੋਣ, ਜਿੱਥੇ ਮਤ ਬਲਵਾਨ ਤੇ ਗਿਆਨ ਵਿਸ਼ਾਲ ਹੋਵੇ, ਜਿੱਥੇ ਭਉ ਤੇ ਭਾਉ ਨਾਲ ਹਿਰਦਾ ਨਿਰਮਲ ਹੋ ਗਿਆ ਹੋਵੇ, ਉੱਥੇ ਅੰਮ੍ਰਿਤ ਸ਼ਬਦ ਪੈਦਾ ਹੁੰਦਾ ਹੈ, ਜੋ ਮਨੁੱਖਤਾ ਲਈ ਕਲਿਆਣਕਾਰੀ ਹੁੰਦਾ ਹੈ ਟੈਗੋਰ ਨੇ ਵੀ ਲਗਭਗ ਮਿਲਦੀ-ਜੁਲਦੀ ਗੱਲ ਆਖੀ ਹੈ ਕਿ ਕਲਾ ਦਾ ਕਾਰਜ ਮਨੁੱਖ ਨੂੰ ਸੱਚੇ ਸੰਸਾਰ ਦੀ ਸ੍ਰਿਸ਼ਟੀ ਅਤੇ ਸਤ, ਸੌਂਦਰਯ ਤੇ ਜੀਵਤ ਵਿਸ਼ਵ ਦੇ ਨਿਰਮਾਣ ਲਈ ਪ੍ਰੇਰਨਾ ਦੇਣਾ ਹੈ।"

## ਭਾਈ ਵੀਰ ਸਿੰਘ ਦੀ ਰਹੱਸਵਾਦੀ ਪ੍ਰਕਿਰਤੀ

***ਪ੍ਰਸ਼ਨ:-** ਭਾਈ ਵੀਰ ਸਿੰਘ ਦੀ ਕਵਿਤਾ ਵਿਚ ਆਈ ਰਹੱਸਵਾਦੀ ਪ੍ਰਕ੍ਰਿਤੀ ਨੂੰ ਉਲੀਕੋ।*

**ਜਾਂ**

***ਕੀ ਭਾਈ ਵੀਰ ਸਿੰਘ ਇੱਕ ਸਫ਼ਲ ਰਹੱਸਵਾਦੀ ਕਵੀ ਸਨ? ਉਹਨਾਂ ਦੀ ਪੁਸਤਕ 'ਲਹਿਰਾਂ ਦੇ ਹਾਰ' ਨੂੰ ਆਧਾਰ ਬਣਾ ਕੇ ਆਪਣੇ ਉੱਤਰ ਦੀ ਪੁਸ਼ਟੀ ਕਰੋ।***

**ਉੱਤਰ:-** ਭਾਈ ਵੀਰ ਸਿੰਘ ਦੀ ਕਵਿਤਾ ਵਿਚ ਰਹੱਸਵਾਦ ਦੀ ਪ੍ਰਵਿਰਤੀ ਨੂੰ ਵੇਖਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਰਹੱਸਵਾਦ ਕੀ ਹੈ ਅਤੇ ਉਸ ਦੀ ਕਵਿਤਾ ਵਿਚ ਕੀ ਮਹਤਤਾ ਹੈ।

**ਰਹੱਸਵਾਦ ਕੀ ਹੈ-** 'ਰਹੱਸ' ਸ਼ਬਦ ਦੇ ਅਰਥ ਹਨ- ਰਮਜ਼ ਜਾਂ ਭੇਦ ਭਰਿਆ, ਲੁਕਿਆ ਹੋਇਆ, ਅਗਿਆਤ ਜਾਂ ਛੁਪਿਆ ਹੋਇਆ। ਵੱਖ-ਵੱਖ ਵਿਦਵਾਨਾਂ ਨੇ ਰਹੱਸਵਾਦ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ।

ਡਾ. ਗੋਬਿੰਦ ਤ੍ਰਿਗੁਣਾਇਤ ਅਨੁਸਾਰ, "ਰਹੱਸਵਾਦ ਪਰਮਾਤਮਾ ਦੇ ਅਧਿਆਤਮਕ ਸਰੂਪ ਨਾਲ ਆਤਮਾ ਦੀ ਭਾਵਾਤਮਕ ਏਕਤਾ ਦੀ ਅਨੁਭੂਤੀ ਦੇ ਇਤਿਹਾਸ ਦਾ ਪ੍ਰਕਾਸ਼ਨ ਹੈ।"

ਸ੍ਰੀ ਗੰਗਾ ਪ੍ਰਸ਼ਾਦ ਪਾਂਡੇ ਨੇ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ:- "ਰਹੱਸਵਾਦ ਹਿਰਦੇ ਦੀ ਉਹ ਦਿਵਯ ਅਨੁਭੂਤੀ ਹੈ ਜਿਸ ਦੇ ਭਾਵ-ਆਵੇਸ਼ ਵਿਚ ਪ੍ਰਾਣੀ ਆਪਣੇ ਅਸੀਮ ਅਤੇ ਪਾਰਥਿਵ ਅਸਤਿੱਤਵ ਨਾਲ ਉਸ ਅਸੀਮ ਅਤੇ ਸਵਰਗਿਕ 'ਮਹਾ ਅਸਤਿੱਤਵ' ਨਾਲ ਇਕਾਤਮਕਤਾ ਦਾ ਅਨੁਭਵ ਕਰਨ ਲਗਦਾ ਹੈ।"

ਡਾ. ਰਾਮ ਕੁਮਾਰ ਵਰਮਾ ਨੇ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ- 'ਰਹੱਸਵਾਦ ਜੀਵਾਤਮਕ ਦੀ ਉਸ ਅੰਤਰਨਿਹਿਤ ਪ੍ਰਵਿਰਤੀ ਦਾ ਪ੍ਰਕਾਸ਼ਨ ਹੈ, ਜਿਸ ਵਿਚ ਉਹ ਦਿਵਯ ਅਤੇ ਅਲੌਕਿਕ ਸ਼ਕਤੀ ਨਾਲ ਆਪਣਾ ਸ਼ਾਂਤ ਅਤੇ ਨਿਸ਼ਚਲ ਸੰਬੰਧ ਜੋੜਨਾ ਚਾਹੁੰਦਾ ਹੈ ਅਤੇ ਇਹ ਸੰਬੰਧ ਇੱਥੋਂ ਤੱਕ ਵੱਧ ਜਾਂਦਾ ਹੈ ਕਿ ਦੋਹਾਂ ਵਿਚਕਾਰ ਅੰਤਰ ਨਹੀਂ ਰਹਿ ਜਾਂਦਾ।

ਰਹੱਸਵਾਦ ਇਸ ਤਰ੍ਹਾਂ ਇਕ ਅੰਦਰੂਨੀ ਅਹਿਸਾਸ ਦਾ ਨਾਂ ਹੈ ਜਿਸ ਦੁਆਰਾ ਵਿਅਕਤੀ ਪਰਮਾਤਮਾ ਨਾਲ ਜੁੜਣ ਦੇ ਪੱਧਰ 'ਤੇ ਮਹਿਸੂਸ ਕਰਦਾ ਹੈ ਅਤੇ ਰਹੱਸਵਾਦੀ ਕਵਿਤਾ ਉਹ ਹੈ ਜਿਸ ਵਿਚ ਇਸ ਤਰ੍ਹਾਂ ਦੇ ਭਾਵਾਂ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਗਈ ਹੋਵੇ।

**ਕਿਸਮਾਂ-** ਡਾ. ਬਲਵੀਰ ਸਿੰਘ ਨੇ ਇੱਕ ਥਾਂ ਲਿਖਿਆ ਹੈ ਕਿ ਰਹੱਸਵਾਦ ਦੇ ਖੋਜੀਆਂ ਨੇ ਰਹੱਸਵਾਦ ਦੀ ਇਹ ਗੱਲ ਕੀਤੀ ਹੈ ਕਿ ਰਹੱਸਵਾਦ ਦੀਆਂ ਵੀ ਕਈ ਕਿਸਮਾਂ ਹਨ।ਇਨ੍ਹਾਂ ਵੰਡਾਂ ਦੇ ਮੁਤਾਬਿਕ ਸੰਕਰਾਚਾਰੀਯ ਦਾ ਵੇਦਾਂਤ ਰਹੱਸ ਠੰਢਾ ਮੰਨਿਆ ਗਿਆ ਹੈ ਜਿਸ ਵਿਚ ਭਾਵ ਦੀ ਉਤਪੱਤੀ ਬਿਲਕੁਲ ਨਹੀਂ। ਕੇਵਲ ਸ਼ਾਂਤ ਦੀ ਖੋਜ ਹੈ ਇਸ ਦੇ ਮੁਕਾਬਲੇ ਤੇ ਈਰਾਨ ਦਾ ਸੂਫ਼ੀ ਰਹੱਸਯ ਗਰਮ ਕਿਹਾ ਜਾਂਦਾ ਹੈ।

ਡਾ. ਗੁਰਚਰਨ ਸਿੰਘ 'ਮਹਿਤਾ' ਦਾ ਮਤ ਹੈ ਕਿ ਰਹੱਸਵਾਦੀ ਕਵੀ ਜਾਂ ਸਾਧਕ ਭਾਵਨਾ ਦੇ ਸਾਧਨਾਂ ਦੁਆਰਾ ਹੀ ਰਸ ਰੂਪ ਵਿਚ ਅਦਵੈਤ-ਅਵਸਥਾ ਨੂੰ ਪਹੁੰਚਦਾ ਹੈ ਅਤੇ ਵਿਆਪਕ ਹਿਰਦੇ ਵਿੱਚ ਇਕਮਿਕਤਾ ਅਤੇ ਸਮਾ ਜਾਣ ਦਾ ਅਨੁਭਵ ਪ੍ਰਾਪਤ ਕਰਦਾ ਹੈ। ਉਹ ਦ੍ਰਿਸ਼ਟਮਾਨ ਜਗਤ ਦੀਆਂ ਅਨੇਕਤਾਈਆਂ ਦੀਆਂ ਪ੍ਰਤੱਖ ਇੰਦ੍ਰੀ ਅਨੁਭੂਤੀਆਂ ਉੱਪਰ ਉਠ ਕੇ ਅਪਰੋਖ ਸੱਤਾ ਦੀ ਆਂਤਰਿਕ ਅਨੁਭੂਤੀ ਵਿਚ ਵਿਸ਼ਵਾਸ ਕਰਦਾ ਹੈ। ਦ੍ਰਿਸ਼ਟਮਾਨ ਅਨੇਕਤਾ ਵਿੱਚ ਆਪਣੀ ਅੰਤਰ ਦ੍ਰਿਸ਼ਟੀ ਨਾਲ ਉਹ ਅਦ੍ਰਿਸ਼ਟ ਏਕਤਾ ਅਤੇ ਉਸ ਏਕਤਾ ਦੀ ਆਧਾਰਭੂਤ ਪਰਮ ਸੱਤਾ ਦੇ ਦਰਸ਼ਨ ਕਰਦਾ ਹੈ।

ਡਾ. ਦੀਵਾਨ ਸਿੰਘ ਆਪਣੇ ਇਕ ਨਿਬੰਧ ਵਿਚ 'ਰਹੱਸਵਾਦ ਸੰਬੰਧੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਲਿਖਦੇ ਹਨ, "ਰਹੱਸਵਾਦ ਨੂੰ ਵਿਚਾਰ ਪੱਧਰ 'ਤੇ ਨਿਸ਼ਚਿਤ ਕਰਨਾ ਲਗਭਗ ਅਸੰਭਵ ਹੈ, ਕਿਉਂਕਿ ਇਹ ਬੁੱਧੀ, ਨਿਆਏ ਜਾਂ ਵਿਚਾਰ ਦੀ ਹੱਦ ਤੋਂ ਪਰੇ ਦਾ ਕੋਈ ਅਧਿਆਤਮਕ ਅਨੁਭਵ ਹੁੰਦਾ ਹੈ। ਇਸ ਕਾਰਨ ਇਸ ਦੀ ਪਰਿਭਾਸ਼ਾ ਅੰਕਿਤ ਕਰਨੀ ਕਠਿਨਾਤਮਕ ਹੈ ਜੋ ਕੁਝ ਇਕ ਰਹੱਸਵਾਦੀ ਆਪਣੇ ਅੰਤਰ-ਆਤਮੇ ਅਨੁਭਵ ਕਰਦਾ ਹੈ ਜਾਂ ਪ੍ਰਤੀਤ ਕਰਦਾ ਹੈ ਉਸ ਨੂੰ 'ਰਹੱਸਵਾਦ' ਦਾ ਨਾਂ ਦਿੱਤਾ ਜਾਂਦਾ ਹੈ।ਰਹੱਸਵਾਦ ਇਕ ਰਹੱਸਵਾਦੀ ਦੀ ਆਤਮਿਕ ਪ੍ਰਾਪਤੀ ਦਾ ਹੀ ਦੂਜਾ ਨਾਂ ਹੈ।

ਵਿਦਵਾਨਾਂ ਨੇ ਰਹੱਸਵਾਦੀ ਕਵਿਤਾ ਦੇ ਕੁਝ ਲੱਛਣ ਨਿਰਧਾਰਿਤ ਕੀਤੇ ਹਨ ਇਹ ਹਨ ਆਸਤਿਕਤਾ, ਆਪਣੇ ਇਸ਼ਕ ਦਾ ਸਰੂਪ, ਆਤਮ-ਸ਼ੁੱਧੀ, ਅੰਤਰਮੁੱਖੀ ਸਾਧਨਾ, ਮਿਲਣ ਦੀ ਅਵਸਥਾ, ਤਿਆਗ ਦੀ ਅਵਸਥਾ, ਅਮਲ ਆਦਿ।

**ਆਸਤਿਕਤਾ-** 'ਰੂਡੋਲਫ' ਨੇ ਆਪਣੀ ਪੁਸਤਕ 'Mysticism in East and West' ਵਿਚ ਇਹ ਲਿਖਿਆ ਹੈ ਕਿ ਰਹੱਸਵਾਦ ਦਾ ਆਧਾਰ ਆਸਤਿਕਤਾ ਹੈ ਅਰਥਾਤ ਉਹ ਵਿਅਕਤੀ ਰਹੱਸਵਾਦੀ ਹੈ ਜੋ ਕਿਸੇ ਇਸ਼ਟ ਵਿਚ ਵਿਸ਼ਵਾਸ ਰੱਖਦਾ ਹੈ। ਰੱਬ ਨੂੰ ਨਾ ਮੰਨਣ ਵਾਲਾ ਵਿਅਕਤੀ ਕਦੇ ਰਹੱਸਵਾਦੀ ਨਹੀਂ ਹੋ ਸਕਦਾ। ਭਾਈ ਵੀਰ ਸਿੰਘ ਮੁੱਢਲੇ ਤੌਰ 'ਤੇ ਇਕ ਅਧਿਆਤਮਵਾਦੀ ਕਵੀ ਸਨ। ਉਹਨਾਂ ਦਾ ਅਕਾਲ ਪੁਰਖ ਦੀ ਹਸਤੀ ਵਿਚ ਪੂਰਨ ਵਿਸ਼ਵਾਸ ਹੈ। ਆਪ ਨੇ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਇਸ ਵਿਸ਼ਵਾਸ ਨੂੰ ਨਿਰੂਪਿਤ ਕੀਤਾ ਹੈ।ਉਹ ਤਾਂ ਕੁਦਰਤ ਦੇ ਕਣ-ਕਣ ਵਿਚ ਅਕਾਲ-ਪੁਰਖ ਨੂੰ ਵੇਖਦੇ ਹਨ। 'ਵੈਰੀ ਨਾਗ' ਕਵਿਤਾ ਵਿੱਚ ਉਹ ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਹਿੰਦੇ ਹਨ:-

"ਵੈਰੀ ਨਾਗ! ਤੇਰਾ ਪਹਿਲਾ ਡਲਕਾ
ਜਦ ਅੱਖੀਆਂ ਵਿਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਜਦਾ।"

**ਇਸ਼ਟ ਦਾ ਸਰੂਪ:-** ਰਹੱਸਵਾਦੀ ਕਵੀ ਆਪਣੀ ਕਵਿਤਾ ਵਿਚ ਕਿੱਧਰੇ ਨਾ ਕਿੱਧਰੇ ਆਪਣੇ ਇਸ਼ਟ ਦੇ ਸਰੂਪ ਦਾ ਸੰਕੇਤ ਕਰ ਜਾਂਦਾ ਹੈ। ਪੱਛਮੀ ਵਿਦਵਾਨ

Scanned with CamScanner

'ਅੰਡਰਹਿਲ' ਦਾ ਵਿਸ਼ਵਾਸ ਹੈ ਕਿ ਰਹੱਸਵਾਦੀਆਂ ਦਾ ਇਸ਼ਟ ਪ੍ਰੇਮ ਤੇ ਪ੍ਰਾਪਤ ਕਰਨ ਯੋਗ ਹੁੰਦਾ ਹੈ। ਉਹ ਵਿਅਕਤੀਗਤ ਤੇ ਸਜੀਵ ਹੁੰਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਗੁਰਬਾਣੀ ਵਾਂਗ ਕਈ ਥਾਵਾਂ 'ਤੇ ਅਜਿਹੇ ਇਸ਼ਟ ਵੱਲ ਸੰਕੇਤ ਕੀਤਾ ਹੋਇਆ ਮਿਲਦਾ ਹੈ। 'ਜੀਵਨ ਕੀ ਹੈ' ਨਾਮੀ ਕਵਿਤਾ ਵਿਚ ਉਹ ਰੱਬ ਅਤੇ ਸੁੰਦਰਤਾ ਦੀ ਇਕਮਿਕਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਲਿਖਦੇ ਹਨ:-

"ਹੁਸਨ ਅਜੀਬੀ ਰੰਗ ਗੈਬ ਦਾ,
ਝਬਨ ਅਰਸ਼ ਦੀ ਲਾਈ।
ਢੋਬੀ ਸੁਨਾਹੀ ਸੁੰਦਰਤਾ ਹੈ,
ਧੁਰ ਬੈਕੁੰਠੋਂ ਆਈ।"

**ਆਤਮ ਸ਼ੁੱਧੀ:-** ਡਾ. ਮਹਿਤਾ ਅਨੁਸਾਰ, ਭਾਈ ਸਾਹਿਬ ਨੂੰ ਪ੍ਰਭੂ ਦੀ ਲਪਟ ਨਸੀਮ ਵਿੱਚ ਰੱਲ ਕੇ ਤੇ ਅੰਗਮ ਤੋਂ ਆਣ ਕੇ ਲਪੇਟ ਮਾਰ ਜਾਂਦੀ ਹੈ। ਇਸ ਤਰ੍ਹਾਂ ਉਹ ਪ੍ਰਭੂ ਪ੍ਰੀਤਮ ਦੀ ਵੇਖੀ ਝਲਕ ਨੂੰ ਯਾਦ ਕਰਦਿਆਂ ਬਿਰਹਾ ਵਿੱਚ ਤੜਪਦੇ ਹਨ। "ਮੇਰੇ ਸਾਈਆਂ ਜੀਓ" ਦੀ ਇਕ ਕਵਿਤਾ ਬਿਰਹੋਂ ਲੇਖ ਵਿਚ ਕਹਿੰਦੇ ਹਨ:-

ਆ ਜਾ ਆਪਣੇ ਸੁਹਣਿਆ ਪਿਆਰਨਾ
ਦੇਰ ਰਤੀ ਨ ਲਾਈਂ ਦੁਲਾਰਨਾ!
ਮਿੰਨਤਾਂ ਤੇਰੀਆਂ-ਤੇਰੀਆਂ ਦਾਰੀਆਂ,
ਅਰਜ਼ਾਂ ਕਰਦੀ ਹਾਂ ਪਯਾਰੀਆਂ ਪਯਾਰੀਆਂ।

ਇਸੇ ਤਰ੍ਹਾਂ ਉਹ ਲਹਿਰਾਂ ਦੇ ਹਾਰ ਵਿਚਲੀ ਕਵਿਤਾ 'ਲੱਗੀਆਂ' ਵਿੱਚ ਕਹਿੰਦੇ ਹਨ:-

"ਜੀ ਮੇਰੇ ਕੁਛ ਹੁੰਦਾ ਸਹੀਓ!
ਉਡਦਾ ਹੱਥ ਨ ਆਵੇ,
ਕੱਤਣ, ਤੁੰਮਣ, ਹੱਸਣ, ਖੇਡਣ
ਖਾਵਣ ਮੂਲ ਨਾ ਭਾਵੇ,
ਨੈਣ ਭਰਨ, ਖਿੱਚ ਚੜ੍ਹੇ ਕਾਲਜੇ
ਬਉਰਾਨੀ ਹੋ ਜਾਵਾਂ,
ਤ੍ਰਿੰਞਣ ਦੇਸ਼ ਬਿਗਾਨਾ ਦਿੱਸੇ,
ਘਰ ਖਾਵਣ ਨੂੰ ਆਵੇ।"

**ਅੰਤਰ-ਮੁਖੀ ਸਾਧਨ:-** ਹਰ ਰਹੱਸਵਾਦੀ ਆਮ ਤੌਰ 'ਤੇ ਅੰਤਰਮੁੱਖੀ ਹੁੰਦਾ ਹੈ। ਅਰਥਾਤ ਉਹ ਆਪਣੇ ਅੰਦਰ ਉਸ ਪਰਮਾਤਮਾ ਦੇ ਮਿਲਾਪ ਨੂੰ ਅਨੁਭਵ ਕਰਦਾ ਹੈ। ਡਾ. ਜੱਗੀ ਨੇ ਪੱਛਮੀ ਵਿਦਵਾਨ ਟਾਇਲਰ ਦਾ ਹਵਾਲਾ ਦਿੰਦਿਆਂ ਕਿਹਾ ਹੈ:-

*"When through manner of exercises the outer man has been converted to the inward man then God head nackeldly descend in the depties of the pure soul, so that the spirit becomes one with "Him."*

**ਸੂਫ਼ੀ ਕਵਿਤਾ ਵਾਂਗ ਪ੍ਰਤੀਕਾਂ ਦੀ ਵਰਤੋਂ:-** ਭਾਈ ਵੀਰ ਸਿੰਘ ਆਪਣੇ ਪ੍ਰੀਤਮ ਨਾਲ ਹੋਈ ਇਕਮਿਕਤਾ ਨੂੰ ਪ੍ਰਗਟਾਉਣ ਲਈ 'ਲੈਲਾ' 'ਮਜਨੂੰ' ਦੇ ਚਿੰਨ੍ਹਾਂ ਦੁਆਰਾ ਆਪਣੀ ਆਤਮ-ਅਨੁਭੂਤੀ ਨੂੰ ਬਿਆਨ ਕਰਦਾ ਹੈ। ਇਹੋ ਢੰਗ ਪੰਜਾਬੀ ਸੂਫ਼ੀ ਕਵਿਤਾ ਵਿਚ 'ਬੁੱਲੇ ਸ਼ਾਹ' ਤੇ ਸ਼ਾਹ ਹੁਸੈਨ ਨੇ ਵੀ ਅਪਣਾਇਆ ਹੈ। ਬੁੱਲੇ ਸ਼ਾਹ ਆਪਣੀ ਕਵਿਤਾ ਵਿਚ ਇਕ ਥਾਂ ਕਹਿੰਦਾ ਹੈ:-

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ,
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਲਿਵ ਲੇਲੀ ਵਿਚ ਲਗ ਗਈ ਅੰਦਰ,
ਅੰਦਰ ਲੇਲੀ ਆਈ।
ਲੇਲੀ ਵੀ ਹੁਣ ਖਿਚ ਖਾਇਕੇ,
ਮਜਨੂੰ ਲਭਦੀ ਆਈ।
ਮੈ ਲੇਲੀ ਲੇਲੀ ਪਈ ਕੂਕੇ,
ਮਜਨੂੰ ਸਯਾਣ ਨਾ ਕਾਈ।
ਮੈਂ ਲੇਲੀ' 'ਮੈਂ ਲੇਲੀ' ਕੂਕੇ
ਮਜਨੂੰ ਲੇਲੀ ਹੋਯਾ।

**ਮਿਲਣ ਦੀ ਅਵਸਥਾ:-** ਭਾਈ ਸਾਹਿਬ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਜਿੱਥੇ ਵਿਛੋੜੇ ਦੀ ਅਵਸਥਾ ਦਾ ਬਿਆਨ ਹੈ ਉੱਥੇ ਮਿਲਣ ਦੀ ਅਵਸਥਾ ਨੂੰ ਵੀ ਬਹੁਤ ਚੰਗੀ ਤਰ੍ਹਾਂ ਉਲੀਕਿਆ ਗਿਆ ਹੈ। ਇਸ ਮਿਲਾਪ ਦਾ ਵਰਣਨ ਵੀ ਕਵੀ ਨੇ ਰਹੱਸਮਈ ਢੰਗ ਨਾਲ ਅਦਾ ਕੀਤਾ ਹੈ। ਆਪਣੀ ਕਵਿਤਾ ਵਿਚ ਉਹ ਲਿਖਦੇ ਹਨ:-

"ਆਪੇ ਨੀ ਅਜ ਰਾਤ ਸਜਨ ਨੇ
ਸਾਨੂੰ ਫੜ ਘੁਟ ਰੱਖਿਆ
ਵਸਲ ਮਾਹੀ ਦਾ, ਮਿਹਰ ਮਾਹੀ ਦੀ
ਅੱਜ ਅਸਾਂ ਨੇ ਲਖਿਆ
ਜਿੰਦੜੀ ਸਾਡੀ ਅੰਗ ਸਮਾ ਲਈ
ਵੇਖ ਵੇਖ ਖੁਸ਼ ਹੋਵੇ
ਕਿਉਂ ਸਹੀਓ ਕੋਈ ਸੁਾਦ ਸਜਨ ਨੇ
ਕੂਹ ਸਾਡੀ ਦਾ ਭਿ ਚਖਿਆ?"

**ਬੁੱਲ੍ਹੇ ਸ਼ਾਹ ਨਾਲ ਤੁਲਨਾ:-** ਡਾ. ਬਲਵੀਰ ਸਿੰਘ ਆਪਣੇ ਲੇਖ "ਭਾਈ ਸਾਹਿਬ ਦੀ ਰਮਜ ਭਰੀ ਕਵਿਤਾ 'ਤੇ ਇਕ ਨਜ਼ਰ" ਵਿੱਚ ਭਾਈ ਵੀਰ ਸਿੰਘ ਤੇ ਬੁੱਲ੍ਹੇ ਸ਼ਾਹ ਦੇ ਰਹੱਸਵਾਦ ਦੀ ਤੁਲਨਾ ਕਰਦੇ ਹੋਏ ਕਹਿੰਦੇ ਹਨ ਭਾਈ ਸਾਹਿਬ ਤੇ ਬੁਲ੍ਹੇ ਦੀ ਕਵਿਤਾ ਵਿਚ ਜੋ ਫ਼ਰਕ ਹੈ ਉਹ ਦਲੀਲ ਤੇ ਵਲਵਲੇ ਦਾ ਫ਼ਰਕ ਨਹੀਂ। ਉਹ ਫ਼ਰਕ ਹੋਰ ਕਿਸਮ ਦਾ ਹੈ ਉਹ ਫ਼ਰਕ ਰਮਜ਼ ਹੈ। ਦੋਵੇਂ ਕਵੀ ਹਨ, ਦੋਵੇਂ ਫਕੀਰ ਹਨ, ਪਰ ਦੋਹਾਂ ਦੀ ਮਟਕ ਵਖੋ-ਵੱਖਰੀ ਹੈ। ਦੋਵੇਂ ਰਹੱਸਵਾਦੀ ਹਨ, ਪਰ ਦੋਹਾਂ ਦੀ ਸੈਨਤ ਅੱਡਰੀ ਹੈ। ਦੋਵੇਂ ਰਸ ਮੰਡਲ ਦੇ ਇਕ ਸੂਰਜ ਵਲ ਤੱਕ ਰਹੇ ਹਨ, ਪਰ ਬੁਲ੍ਹਾ ਉਸ ਸੂਰਜ ਵਿਚੋਂ ਨਿੱਘ ਤੇ ਤਪਸ਼ ਲੈ ਰਿਹਾ ਹੈ ਭਾਈ ਸਾਹਿਬ ਚਾਨਣ ਤੇ ਖੇੜਾ।

ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਭਾਈ ਵੀਰ ਸਿੰਘ ਇਕ ਸਫ਼ਲ ਰਹੱਸਵਾਦੀ ਕਵੀ ਹਨ।

## ਪ੍ਰੋ. ਪੂਰਨ ਸਿੰਘ

***ਪ੍ਰਸ਼ਨ:-* ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚੋਂ ਉਨ੍ਹਾਂ ਦੀ ਜਿਹੜੀ ਜੀਵਨ ਫਿਲਾਸਫ਼ੀ ਪ੍ਰਤੀਪਾਦਿਤ ਹੁੰਦੀ ਹੈ, ਉਸ ਦਾ ਮੁਲਅੰਕਣ ਕਰੋ।**

**ਜਾਂ**

**ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਧਿਐਨ ਕਰੋ।**

**ਜਾਂ**

**ਪ੍ਰੋ. ਪੂਰਨ ਸਿੰਘ ਦੀਆਂ ਕਾਵਿ ਰਚਨਾਵਾਂ ਦੇ ਆਧਾਰ ਉੱਤੇ ਉਸ ਦੀ ਵਿਚਾਰਧਾਰਾ ਸੰਬੰਧੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਚਰਚਾ ਕਰੋ।**

**ਉੱਤਰ:-** ਪ੍ਰੋ. ਪੂਰਨ ਸਿੰਘ ਇਕ ਮਹਾਨ ਪ੍ਰਤਿਭਾ ਦਾ ਸੁਆਮੀ ਸੀ। ਪ੍ਰੋ. ਕਸੇਲ ਅਤੇ ਪ੍ਰੋ. ਪ੍ਰਮਿੰਦਰ ਸਿੰਘ ਅਨੁਸਾਰ, "ਉਸ ਦੀ ਵਚਿੱਤਰ ਤੇ ਅਲੌਕਿਕ ਸ਼ਖ਼ਸੀਅਤ, ਜੀਵਨ ਦਾ ਡੂੰਘਾ ਤੇ ਰਸਿਕ ਅਨੁਭਵ, ਸੰਸਾਰ ਸਾਹਿਤ ਦਾ ਅਧਿਐਨ ਤੇ ਪ੍ਰਦੇਸ਼ ਯਾਤਰਾ ਉਸ ਦੀ ਕਲਾ ਨੂੰ ਸਿਖ਼ਰ ਤੱਕ ਚਮਕਾਉਂਦੇ ਹਨ।" ਇਸ ਮਹਾਨ ਕਵੀ ਕੋਲ ਮਹਾਨ ਜੀਵਨ ਦਰਸ਼ਨ ਤੇ ਵਿਚਾਰਧਾਰਾ ਵੀ ਹੈ। ਪ੍ਰੋ. ਕਸੇਲ ਨੇ ਆਪਣੀ ਪੁਸਤਕ 'ਪੂਰਨ ਸਿੰਘ ਦੀ ਸਾਹਿਤਕ ਪ੍ਰਤਿਭਾ' ਵਿਚ ਇਸ ਪ੍ਰਕਰਣ ਬਾਰੇ ਲਿਖਿਆ ਹੈ, "ਪੂਰਨ ਸਿੰਘ ਮਹਾਨ ਕਵੀ ਤੇ ਮਹਾਨ ਸਾਹਿਤਕਾਰ ਨਹੀਂ, ਮਹਾਨ ਚਿੰਤਕ ਵੀ ਸੀ। ਸਾਹਿਤ ਵਿਚ ਦਰਸ਼ਨ ਭਾਵੇਂ ਮੁੱਖ ਤੱਤ ਤੇ ਆਦਰਸ਼ ਨਹੀਂ ਹੁੰਦਾ, ਪਰ ਜਿਹਾ ਕਿ ਸੰਸਾਰ ਦੇ ਸਾਹਿਤਕ ਇਤਿਹਾਸ ਤੋਂ ਸਪਸ਼ਟ ਹੈ ਮਹਾਨ ਸਾਹਿਤਕਾਰ ਸਦਾ ਹੀ ਵਿਸ਼ੇਸ਼ ਦ੍ਰਿਸ਼ਟੀਕੋਣ ਤੇ ਦਾਰਸ਼ਨਿਕ ਵਿਚਾਰਧਾਰਾ ਦੀ ਸੰਪੂਰਨਤਾ ਤੋਂ ਹੀ ਮਹਾਨਤਾ ਪ੍ਰਾਪਤ ਕਰਦੇ ਹਨ। ਪ੍ਰਤਿਭਾ ਚਿੰਤਨ ਵਿਮੁਕਤ ਨਹੀਂ, ਚਿੰਤਨ-ਯੁਕਤ ਹੀ ਹੋ ਸਕਦੀ

Scanned with CamScanner

ਹੈ। ਹੇਠਾਂ ਅਸੀਂ ਉਸ ਦੇ ਜੀਵਨ, ਦਰਸ਼ਨ ਅਤੇ ਵਿਚਾਰਧਾਰਾ ਉੱਪਰ ਵਿਚਾਰ ਕਰ ਰਹੇ ਹਾਂ:-

**ਕਾਵਿ ਰਚਨਾਵਾਂ:-** ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਕਾਵਿ ਜਗਤ ਨੂੰ ਤਿੰਨ ਕਾਵਿ ਰਚਨਾਵਾਂ ਦਿੱਤੀਆਂ ਹਨ। ਉਨ੍ਹਾਂ ਦੇ ਨਾਂ ਹਨ- ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ ਅਤੇ ਖੁਲ੍ਹੇ ਅਸਮਾਨੀ ਰੰਗ।

ਪ੍ਰੋ. ਪੂਰਨ ਸਿੰਘ ਦੀ ਵਿਚਾਰਧਾਰਾ ਉਸ ਦੀਆਂ ਕਵਿਤਾਵਾਂ ਵਿਚ ਦੇਖੀ ਜਾ ਸਕਦੀ ਹੈ। ਇਹ ਇਕ ਥਾਂ ਨਹੀਂ ਮਿਲਦੀ, ਸਗੋਂ ਉਸ ਦੀ ਸਾਰੀ ਕਵਿਤਾ ਬਿੱਖਰੇ ਰੂਪ ਵਿਚ ਮਿਲਦੀ ਹੈ।

**ਇਸਤਰੀ ਪ੍ਰਤੀ ਸਤਿਕਾਰ:-** ਔਰਤ ਸਤਿਕਾਰਯੋਗ ਹੈ। ਇਸ ਬਾਰੇ ਵੱਖ-ਵੱਖ ਵਿਦਵਾਨਾਂ ਅਤੇ ਧਰਮ ਸ਼ਾਸਤਰਾਂ ਨੇ ਬਹੁਤ ਕੁਝ ਆਖਿਆ ਹੈ। ਮਨੂੰ ਸਮ੍ਰਿਤੀ ਵਿਚ ਲਿਖਿਆ ਹੈ ਕਿ, "ਜਿਸ ਘਰ ਜਾਂ ਖ਼ਾਨਦਾਨ ਵਿਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ ਉਸ ਘਰ ਦੇ ਦੇਵਤੇ ਖੁਸ਼ ਰਹਿੰਦੇ ਹਨ। ਜਿਸ ਖ਼ਾਨਦਾਨ ਵਿਚ ਉਨ੍ਹਾਂ ਦੀ ਪੂਜਾ ਨਹੀਂ ਹੁੰਦੀ ਉਸ ਖ਼ਾਨਦਾਨ ਦੇ ਸਾਰੇ ਕਰਮ ਬੇਕਾਰ ਹੋ ਜਾਂਦੇ ਹਨ।

ਰਾਮ ਕ੍ਰਿਸ਼ਨ ਪਰਮਹੰਸ ਅਨੁਸਾਰ, ਜਦੋਂ ਤੁਸੀਂ ਔਰਤ ਨੂੰ ਰੱਬੀ ਮਾਂ ਦੇ ਰੂਪ ਵਿਚ ਦੇਖਦੇ ਹੋ ਤਾਂ ਉਸ ਦੇ ਸਾਰੇ ਹਥਿਆਰ ਖੁਸ ਜਾਂਦੇ ਹਨ। ਪ੍ਰੋ. ਪੂਰਨ ਸਿੰਘ ਇਸਤਰੀ ਦਾ ਸਤਿਕਾਰ ਕਰਦਾ ਹੈ ਅਤੇ ਉਸ ਨੂੰ ਉੱਚਾ ਦਰਜਾ ਦਿੰਦਾ ਹੈ। ਇਸ ਤਰ੍ਹਾਂ ਉਹ ਪੁਰਾਤਨ-ਖ਼ਿਆਲੀਆਂ ਤੋਂ ਟੁੱਟ ਗਿਆ ਜਿਹੜੇ ਇਸਤਰੀ ਨੂੰ ਬਹੁਤ ਨੀਵਾਂ ਖ਼ਿਆਲ ਕਰਦੇ ਸਨ।

ਉਦਾਹਰਣ ਵਜੋਂ ਉਹ ਮਾਂ ਬਾਰੇ ਲਿਖਦਾ ਹੈ-

*ਮਾਂ ਦੇ ਦਿਲ ਦਾ ਯੋਗ ਦੇਖੋ ਕਿਹਾ ਠੀਕ ਉਤਰਦਾ*
*ਹਾਂ! ਮਾਂ ਦੀ ਨਦਰ ਵਿਚ ਇਕ ਡੂੰਘਾ ਕੋਈ ਅਸਰਾਰ ਹੈ*
*ਰੱਬ ਆਪ ਉਤਰਦਾ ਮਾਂ ਦੇ ਦਿਲ ਵਿਚ, ਉਹਦੀ ਬਾਹਾਂ ਵਿਚ, ਝੋਲ ਵਿਚ*
*ਰੱਬ ਆਪ ਮਾਂ ਦੀ ਨਦਰ ਉੱਚੀ ਕਰਦਾ ਸਿੱਧੀ,*
*ਮਾਂ ਰੱਬ ਦਾ ਕੋਈ ਡਾਢਾ ਸੋਹਣਾ ਆਵੇਸ਼ ਹੈ!!*

'ਘਰ ਕੀ ਗਹਲ ਚੰਗੀ' ਕਵਿਤਾ ਵੀ ਇਸਤਰੀ ਨੂੰ ਉੱਚਾ ਦਰਜਾ ਦਿੰਦੀ ਹੈ। ਘਰ ਦੀ ਆਮ ਸਵਾਣੀ ਹਰੇਕ ਨੂੰ ਸਾਧਾਰਣ ਜਿਹੀ ਪ੍ਰਤੀਤ ਹੁੰਦੀ ਹੈ, ਪਰ ਜੋ ਅਸਾਧਾਰਣਤਾ ਪ੍ਰੋ. ਪੂਰਨ ਸਿੰਘ ਨੂੰ ਉਸ ਵਿਚ ਦਿਸੀ ਹੈ, ਉਹ ਹਰੇਕ ਨੂੰ ਵਿਖਾਈ ਨਹੀਂ ਦੇ ਸਕਦੀ। ਕਵੀ 'ਘਰ ਕੀ ਗਹਲ ਚੰਗੀ' ਕਵਿਤਾ ਵਿਚ ਲਿਖਦਾ ਹੈ-

*ਪਾਣੀ ਕਾਂਸੀ ਦੇ ਛੰਨੇ ਵਿਚ ਪਾ,*
*ਲਿਆ ਮੈਨੂੰ ਪਿਲਾਂਦੀ,*
*ਮੇਰੀ ਘਰ ਕੀ ਚੰਗੀ ਗਹਲ !!*
*ਇਸ ਪਾਣੀ ਦਾ ਕੁਝ ਰੰਗ ਅੱਜ ਹੋਰ,*
*ਚਮਕ ਅਣੋਖੀ, ਇਸ ਛੰਨੇ ਵਿਚੂੰ ਖ਼ੁਸ਼ਬੋ ਪਈ ਆਉਂਦੀ!!*

**ਪ੍ਰਕਿਰਤੀ ਨਾਲ ਪਿਆਰ:-** ਪ੍ਰਕਿਰਤੀ ਜਾਂ ਕੁਦਰਤ ਬਾਰੇ ਵਿਲੀਅਮ ਵਰਡਜ਼ਵਰਥ ਦੇ ਵਿਚਾਰ ਬਹੁਤ ਕੀਮਤੀ ਹਨ। ਇਸ ਕਵੀ ਅਤੇ ਵਿਦਵਾਨ ਦਾ ਕਹਿਣਾ ਹੈ ਕਿ ਕੁਦਰਤ (ਪ੍ਰਕਿਰਤੀ) ਨੇ ਕਦੀ ਵੀ ਉਸ ਦਿਲ ਨੂੰ ਧੋਖਾ ਨਹੀਂ ਦਿੱਤਾ ਜਿਸ ਨੇ ਉਸ ਨੂੰ ਪਿਆਰ ਕੀਤਾ ਹੈ। ਇਵੇਂ ਕਾਪਰ ਲਿਖਦਾ ਹੈ, "ਕੁਦਰਤ ਇਕ ਅਜਿਹੇ ਪ੍ਰਭਾਵ ਦਾ ਨਾਂ ਹੈ ਜਿਸ ਕਾਰਨ ਰੱਬ ਹੈ। ਭਾਈ ਵੀਰ ਸਿੰਘ ਆਪਣੇ ਕਾਵਿ -ਸੰਗ੍ਰਹਿ 'ਮਟਕ ਹੁਲਾਰੇ' ਵਿਚ ਕੁਦਰਤ ਅਤੇ ਮਨੁੱਖ ਦੇ ਰਿਸ਼ਤੇ ਨੂੰ ਦਰਸਾਉਂਦੇ ਹੋਏ ਆਖਦੇ ਹਨ-"ਜਿਉਂ ਮਾਵਾਂ ਤਿਉਂ ਠੰਡੀਆਂ ਛਾਵਾਂ,

*ਅਸਾਂ ਤੁਧੇ ਦੀਆਂ ਡਿੱਠੀਆਂ*
*ਠੰਢੀ ਪਯਾਰ ਗੋਦ ਤੁਧੇ ਦੀ*
*ਛਾਵਾਂ ਮਿੱਠੀਆਂ-ਮਿੱਠੀਆਂ।"*

ਪ੍ਰੋ. ਪੂਰਨ ਸਿੰਘ ਨੂੰ ਪ੍ਰਕਿਰਤੀ ਨਾਲ ਪਿਆਰ ਹੈ ਅਤੇ ਉਹ ਉਸ ਜੀਵਨ ਨੂੰ ਅਪੂਰਣ ਸਮਝਦਾ ਹੈ ਜਿਸ ਵਿਚ ਪ੍ਰਕਿਰਤੀ ਦਾ ਪਿਆਰ ਨਹੀਂ। ਕਵੀ ਨੂੰ ਪੰਜਾਬ ਦੇ ਦਰਿਆਵਾਂ ਨਾਲ ਪਿਆਰ ਹੈ ਅਤੇ ਉਸ ਨੇ ਆਪਣੇ ਇਸ ਪਿਆਰ ਦਾ ਪ੍ਰਗਟਾਅ ਕਈ ਕਵਿਤਾਵਾਂ ਵਿਚ ਕੀਤਾ ਹੈ। ਉਹ 'ਦਰਿਆ ਕਿਨਾਰੇ' ਵਿਚ ਪ੍ਰਕਿਰਤੀ ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਅ ਇਸ ਤਰ੍ਹਾਂ ਕਰਦਾ ਹੈ-

*ਦਰਿਆ ਕਿਨਾਰੇ ਰੇਤਾਂ ਚਿੱਟੀਆਂ ਵਿਚ ਲਿਟਣਾ !*
*ਨੰਗੇ ਹੋ ਧੁੱਪਾਂ ਵਿਚ ਲੇਟਣਾ*
*ਤੇ ਮਾਰ ਛਾਲ ਦਰਿਆ ਵਿਚ ਨ੍ਹਾਣਾ*
*ਤਰਨਾ ਤੇ ਡੁੱਬਣਾ ਤੇ ਧਾਰ ਵਿਚ ਬਹਿਣਾ*
*ਹੱਥ ਪੈਰ ਮਾਰਨਾ, ਪਾਣੀ ਉਛਾਲਣਾ,*
*ਤੇ ਛੱਟਿਆਂ ਵਿਚ ਕਿਰਨਾਂ ਨੂੰ ਪਕੜਨਾ।*

**ਪਰਮਾਤਮਾ ਦੀ ਹੋਂਦ:-** ਪ੍ਰੋ. ਪੂਰਨ ਸਿੰਘ ਦਾ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਹੈ। ਉਸ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਹਰੇਕ ਵਿਅਕਤੀ ਅੰਦਰ ਹੈ ਭਾਵੇਂ ਪਰਮਾਤਮਾ ਨੂੰ ਵੇਖਣ ਵਾਲੀ ਸ਼ਕਤੀ ਵਿਅਕਤੀ ਨੂੰ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ। ਉਸ ਦੀ ਨਜ਼ਰ ਵਿਚ ਜਿਸ ਨੂੰ ਪ੍ਰਭੂ ਮਿਲ ਪੈਂਦਾ ਹੈ ਉਸ ਨੂੰ ਕਿਸੇ ਹੋਰ ਦੀ ਲੋੜ ਨਹੀਂ:-

*"ਜੇ ਤੂੰ ਮੇਰਾ ਹੋਵੇ,*
*ਮੈ ਦੇਖਾਂ ਨਿੱਤ ਤੈਨੂੰ*
*ਤਾਂ ਮੰਦਰ ਦੀ ਨਾਂਹ ਲੋੜ ਮੈਨੂੰ*
*ਮਸਜਿਦ, ਗਿਰਜਾ ਮੇਰਾ ਤੂੰ ਹੈ।"*

**ਮਨੁੱਖ ਦਾ ਸਤਿਕਾਰ:-** ਕਵੀ ਪੂਰਨ ਸਿੰਘ ਦੇ ਮਨ ਵਿਚ ਮਨੁੱਖਾਂ ਦਾ ਸਤਿਕਾਰ ਹੈ ਅਤੇ ਉਹ ਮਨੁੱਖ ਜਾਤੀ ਨੂੰ ਪਿਆਰ ਕਰਦਾ ਹੈ। ਉਹ ਮਨੁੱਖ ਨੂੰ ਪ੍ਰੇਰਦਾ ਹੈ ਕਿ ਉਹ ਆਪਣੇ-ਆਪ ਨੂੰ ਛੋਟਾ ਖ਼ਿਆਲ ਨਾ ਕਰੇ, ਸਗੋਂ ਆਪਣਾ ਸਹੀ ਮੁੱਲ ਪੁਆਵੇ।

*ਸੋਹਣਿਆਂ ! ਮੁੱਲ ਪਾ ਤੂੰ ਆਪਣਾ,*
*ਵੱਧ ਥੀਂ ਵੱਧ ਹੋਰ ਹਾਲੀਂ ਬਹੁੰ ਸਾਰਾ,*
*ਹੋਰ ਹਾਲੀਂ ਬਹੁੰ ਸਾਰਾ, ਹੋਰ ਵੀ ਹੋਰ,*
*ਤੇਰਾ ਮੁੱਲ ਕੋਈ ਨਾਂਹ,*
*ਤੂੰ ਕੀਮਤਾਂ ਥੀਂ ਪਰੇ,*
*ਓ ਯੂਸਫਾਂ ਦੇ ਯੂਸਫਾ!*

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, ਪੂਰਨ ਸਿੰਘ ਆਪਣੇ ਕਾਵਿ ਵਿਚ ਮਾਨਵ ਦਾ ਮੁਤਲਾਸ਼ੀ ਹੈ। ਉਹ ਅਧਿਆਤਮਕ, ਸ੍ਰਿਸ਼ਟੀ, ਪ੍ਰਕਿਰਤੀ, ਨੈਤਿਕਤਾ ਤੇ ਸੁਹਜ ਦੇ ਸੰਦਰਭ ਵਿਚ ਮਾਨਵ ਦੀ ਤਲਾਸ਼ ਕਰਦਾ ਹੈ। ਉਸ ਦੀ ਤਲਾਸ਼ ਬਾਹਰਲੇ ਜਗਤ ਨਾਲੋਂ ਅੰਦਰਲੇ ਜਗਤ ਵੱਲ ਵਧੇਰੇ ਰੁਚਿਤ ਹੈ।

**ਪੰਜਾਬ ਪਿਆਰ:-** ਪ੍ਰੋ. ਪੂਰਨ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ 'ਖੁੱਲ੍ਹੇ ਘੁੰਡ' ਵਿਚ ਪੰਜਾਬ ਪਿਆਰ ਪ੍ਰਗਟ ਕਰਦੇ ਹੋਇਆ ਆਖਿਆ ਹੈ, "ਪੰਜਾਬ ਵਿਚ ਜੰਮਣਾ ਅਮੁੱਲ ਜਿਹੀ ਚੀਜ਼ ਹੈ।" ਇਹ ਗੱਲ ਨਿਰਸੰਦੇਹ ਆਖੀ ਜਾ ਸਕਦੀ ਹੈ ਕਿ ਕਵੀ ਨੂੰ ਪੰਜਾਬ ਨਾਲ ਅੰਤਾਂ ਦਾ ਪਿਆਰ ਹੈ। ਉਸ ਨੇ ਇਸ ਵਿਸ਼ੇ ਉੱਤੇ ਬਹੁਤ ਕੁਝ ਲਿਖਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਪਿਆਰ ਉਸ ਅੰਦਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਸ ਨੂੰ ਪੰਜਾਬ ਦੀ ਹਰੇਕ ਚੀਜ਼ ਚੰਗੀ ਲੱਗਦੀ ਹੈ ਉਹ 'ਦੇਸ਼ ਨੂੰ ਅਸੀਸ ਸਾਡੀ ਗ਼ਰੀਬਾਂ ਦੀ' ਵਿਚ ਆਪਣੇ ਪ੍ਰਾਂਤ ਦੇ ਪਿਆਰ ਨੂੰ ਬਹੁਤ ਵਧੀਆ ਢੰਗ ਨਾਲ ਪ੍ਰਗਟਾਉਂਦਾ ਹੈ-

*ਵੱਸਣ ਤੇਰੇ ਮਹਿਲ ਤੇ ਮਾੜੀਆਂ,*
*ਵੱਸਣ ਹੋਰ ਵੱਧ ਖੁਸ਼ੀ ਤੇਰੀਆਂ ਨਿੱਕੀਆਂ-ਨਿੱਕੀਆਂ ਝੁੱਗੀਆਂ!*
*ਵੱਸਣ ਤੇਰੇ ਦੇਸ਼ ਪ੍ਰਦੇਸ਼ ਸਾਰੇ,*
*ਸੁਖੀ ਸੁਖੀ ਤੇਰੇ ਜਾਏ ਤੇ ਜਾਈਆਂ!*

ਇਵੇਂ ਹੀ 'ਪੰਜਾਬ ਦੀ ਅਹੀਰਨ ਇਕ ਗੋਹੇ ਥਪਦੀ' ਕਵਿਤਾ ਵਿਚ ਕਵੀ ਨੇ

Scanned with CamScanner

ਸਪਸ਼ਟ ਸ਼ਬਦਾਂ ਵਿਚ ਆਪਣੇ ਪ੍ਰਾਂਤ ਪ੍ਰਤੀ ਆਪਣੇ ਪਿਆਰ ਦਾ ਇਕਬਾਲ ਕੀਤਾ ਹੈ ਅਤੇ ਕਿਹਾ ਹੈ-

*ਓਏ ! ਕਿਧਰੇ ਨਹੀਂ ਲਗਦੀ ਹਵਾ ਠੰਢੀ ਪੰਜਾਬ ਵਾਲੀ !*
*ਕਿਧਰੇ ਦਾ ਪਾਣੀ ਮੈਨੂੰ ਨਾ ਇਹਾ ਜਿਹਾ ਮਿੱਠਾ ਤੇ ਮਾਫਕ !*
*ਇੱਥੇ ਪ੍ਰਦੇਸ਼ ਭਾਗ ਜਦ ਕਦੀ ਮੈਂ ਮੁੜਿਆ*
*ਫੈਲਿਆ ਮੈਂ ਅਸਮਾਨ ਵਾਂਗ ।*

**ਦੇਸ਼ ਪ੍ਰੇਮ:-** ਦੇਸ਼ ਪਿਆਰ ਇਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਵਿਦਵਾਨਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਪ੍ਰਗਟਾਏ ਹਨ । ਪਲੈਟੋ ਦਾ ਕਹਿਣਾ ਹੈ ਕਿ, ਆਪਣੇ ਦੇਸ਼ ਤੋਂ ਵੱਧ ਕੇ ਆਪਣਾ ਕੋਈ ਨਿਕਟ ਸੰਬੰਧੀ ਨਹੀਂ ਹੈ । ਅੰਗਰੇਜ਼ੀ ਕਵੀ ਬਾਇਰਨ ਦਾ ਕਥਨ ਹੈ ਕਿ, "ਜਿਹੜਾ ਵਿਅਕਤੀ ਆਪਣੇ ਦੇਸ਼ ਨੂੰ ਪਿਆਰ ਨਹੀਂ ਕਰਦਾ ਉਹ ਕਿਸੇ ਵੀ ਚੀਜ਼ ਨੂੰ ਪਿਆਰ ਨਹੀਂ ਕਰ ਸਕਦਾ ।"

ਪ੍ਰੋ. ਪੂਰਨ ਸਿੰਘ ਦੇਸ਼ ਪ੍ਰੇਮ ਦੇ ਹੱਕ ਵਿਚ ਹੈ ਅਤੇ ਚਾਹੁੰਦਾ ਹੈ ਕਿ ਵਿਅਕਤੀ ਆਪਣੇ ਦੇਸ਼ ਨੂੰ ਪੂਰੀ ਤਰ੍ਹਾਂ ਪ੍ਰੇਮ ਕਰੇ ਅਤੇ ਦੇਸ਼ ਦੀ ਧਰਤੀ ਨੂੰ ਚੁੰਮੇ । ਦੇਸ਼ ਦੀ ਰਾਖੀ ਲਈ ਵਿਅਕਤੀ ਨੂੰ ਆਪਣੀ ਜਾਨ ਤੱਕ ਵਾਰ ਦੇਣੀ ਚਾਹੀਦੀ ਹੈ । ਕਵੀ ਸਾਰਾ ਭਾਰਤ ਫਿਰਿਆ ਸੀ ਅਤੇ ਉਸ ਨੇ ਵੱਖ-ਵੱਖ ਪ੍ਰਾਂਤ ਵੇਖੇ । ਉਸ ਨੂੰ ਭਾਵੇਂ ਆਪਣੇ ਪ੍ਰਾਂਤ ਨਾਲ ਪੂਰਾ-ਪੂਰਾ ਪਿਆਰ ਸੀ,ਫਿਰ ਵੀ ਉਸ ਨੂੰ ਉਨ੍ਹਾਂ ਪ੍ਰਾਂਤਾਂ ਦੇ ਕੁਦਰਤੀ ਦ੍ਰਿਸ਼ ਅਤੇ ਲੋਕਾਂ ਦੇ ਗੁਣ ਪਸੰਦ ਆਏ । ਮਹਾਂਰਾਸ਼ਟਰ ਬਾਰੇ ਕਵੀ ਲਿਖਦਾ ਹੈ:-

*ਮਹਾਰਾਸ਼ਟਰ ਵਿਚ*
*ਮੈਂ ਤੱਕੀਆਂ ਸੋਹਣੀਆਂ ਸੁਹਾਗਣਾਂ*
*ਮੱਥੇ ਲਾਲ ਲਾਲ ਟਿੱਕੇ ਸੁਹਾਗ ਦੇ*
*ਬੜੀਆਂ ਭੋਲੜੀਆਂ ਸਾੜੀਆਂ, ਬਰਕਤੀਲੀਆਂ*
*ਪੈਰ ਨੰਗੇ ਟੁਰਦੀਆਂ*
*ਕੇਸਾਂ ਦਾ ਜੂੜਾ ਸੋਹਣਾ, ਵਿਚ ਫੁੱਲ ਟੁੰਗੇ ਕੇਵੜੇ ਦੇ ।*

**ਮਜ਼ਦੂਰਾਂ ਲਈ ਪ੍ਰੇਮ:-** ਪ੍ਰੋ. ਪੂਰਨ ਸਿੰਘ ਨੂੰ ਕਿਰਤ ਅਤੇ ਕਿਰਤੀ ਨਾਲ ਡੂੰਘਾ ਪਿਆਰ ਹੈ । ਉਸ ਦੀ ਧਾਰਨਾ ਹੈ ਕਿ ਜਿਸ ਨੇ ਜ਼ਿੰਦਗੀ ਦੇ ਭੇਤਾਂ ਦਾ ਪਤਾ ਲਗਾਉਣਾ ਹੋਵੇ ਉਹ ਕਿਰਤ ਵਿਚੋਂ ਲਾ ਸਕਦਾ ਹੈ । ਕਿਰਤ ਹੀ ਭਰੋਸੇ ਨੂੰ ਬਣਾਉਂਦੀ ਤੇ ਪਿਆਰ ਨੂੰ ਜਗਾਉਂਦੀ ਹੈ । ਇਕ ਹੋਰ ਥਾਂ ਉਹ ਆਖਦਾ ਹੈ, "ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ ।

ਕਵੀ ਕਿਰਤ ਨੂੰ ਵੀ ਚੰਗਾ ਸਮਝਦਾ ਸੀ ਅਤੇ ਕਿਰਤੀਆਂ ਨੂੰ ਵੀ। ਉਹ ਅਮੀਰਾਂ, ਬਾਦਸ਼ਾਹਾਂ ਅਤੇ ਵੱਡੇ-ਵੱਡੇ ਆਦਮੀਆਂ ਦਾ ਜ਼ਿਕਰ ਆਪਣੀ ਕਵਿਤਾ ਵਿਚ ਨਹੀਂ ਕਰਦਾ । 'ਪੰਜਾਬ ਦੇ ਮਜ਼ੂਰ' ਕਵਿਤਾ ਵਿਚ ਕਵੀ ਲਿਖਦਾ ਹੈ-

*ਓਏ ! ਮਜ਼ੂਰ ਚੰਗੇ ਲਗਦੇ ।*
*ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,*
*ਓਨ੍ਹਾਂ ਵਿਚ ਫਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ*
*ਸਾਦੇ ਸਾਦੇ ਚਿਹਰੇ ਬੇਨਿਕਾਬ ਜਿਹੇ*
*ਨਾ ਛੁਪਦੇ ਨਾ ਛੁਪਾਂਦੇ ਕੁਛ ਆਪਣਾ*

ਕਵੀ ਨੂੰ ਹਲ ਵਾਹੁਣ ਵਾਲੇ ਕਿਸਾਨ ਵੀ ਚੰਗੇ ਲੱਗਦੇ ਹਨ । ਉਹ ਕਹਿੰਦਾ ਹੈ-

*ਓਏ ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,*
*ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,*
*ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ*
*ਜੱਟ ਬੂਟ ਮੇਰੇ ਯਾਰ ਵੇ !!*

ਕਵੀ ਦੀ ਕਵਿਤਾ 'ਕੁਮਿਆਰ ਤੇ ਕੁਮਿਹਾਰਨ' ਵੀ ਉਸ ਦੇ ਕਿਰਤੀਆਂ ਪ੍ਰਤੀ ਪ੍ਰੇਮ ਨੂੰ ਪ੍ਰਗਟਾਉਂਦੀ ਹੈ ।

**ਪੁਰਾਤਨਤਾ ਨਾਲ ਮੋਹ:-** ਉਸ ਦੀ ਕਵਿਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਕਵੀ ਨੂੰ ਆਪਣੀਆਂ ਪੁਰਾਣੀਆਂ ਪਰਪਰਾਵਾਂ ਨਾਲ ਬਹੁਤ ਪਿਆਰ ਸੀ। ਉਹ ਲੋਕਾਂ ਵਿਚ ਆਏ ਪਦਾਰਥਵਾਦ ਨੂੰ ਬੁਰਾ ਸਮਝਦਾ ਸੀ । ਉਹ ਪੁਰਾਣੇ ਗਠੀਲੇ ਭਾਈਚਾਰੇ ਉੱਤੇ ਮਾਣ ਕਰਦਾ ਹੈ। ਉਸ ਨੂੰ ਇਹ ਦੁੱਖ ਹੈ ਕਿ ਉਹ ਭਾਈਚਾਰਾ ਕਿਉਂ ਖ਼ਤਮ ਹੋ ਗਿਆ । ਪੁਰਾਣਾ ਪ੍ਰੇਮ ਖ਼ਤਮ ਹੋਣ ਦਾ ਕਵੀ ਗਿਲਾ ਕਰਦਾ ਹੈ ।

*ਉਹ ਪੁਰਾਣਾ ਅਦਬ ਤੇ ਹਿਰਸ ਨਾਂਹ !*
*ਉਹ ਪ੍ਰੀਤ ਦੀਆਂ ਪੀਡੀਆਂ ਪੀਡੀਆਂ ਗੰਢਾਂ !*

..........

*ਇਕ ਪੜ੍ਹੇ ਨੌਜਵਾਨ ਨੂੰ ਮੈਂ ਪੁੱਛਿਆ,*
*ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ,*
*ਅਣਟੁੱਟ, ਜਿਹਾ ਭਾਈਚਾਰਾ ਕਿੱਥੇ?*

ਉਹ ਇਕ ਥਾਂ ਸੱਚਾਈ ਦੇ ਖ਼ਤਮ ਹੋ ਜਾਣ ਦਾ ਗਿਲਾ ਕਰਦਾ ਹੈ-

*ਵਪਾਰ ਅਸੀਂ ਕਰਦੇ ਸੀ ਸੱਚਾ ਸੁੱਥਰਾ*
*ਕਾਹਲੀ ਵਿਚ ਅਮੀਰ ਹੋਣ ਨੂੰ ਨਿੰਦਦੇ*
*ਇਕ ਰੱਬੀ ਜੋੜ ਮੇਲ ਜਾਣ ਕੁਲ ਦੁਨੀਆਂ ਦੀ ਸੇਵਾ ਕਰਦੇ*
*ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ ।*

**ਪਿਆਰ ਵਿਚ ਵਿਸ਼ਵਾਸ:-** ਵਿਦਵਾਨਾਂ ਨੇ 'ਪਿਆਰ' ਬਾਰੇ ਬਹੁਤ ਕੁਝ ਕਿਹਾ ਹੈ । ਲਾਲਾ ਹਰਦਿਆਲ ਨੇ ਪਿਆਰ ਬਾਰੇ ਆਖਿਆ ਹੈ ਸੱਚਾ ਪਿਆਰ ਹਮੇਸ਼ਾ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ ਕਰਦਾ ਹੈ ਇਸ ਨੂੰ ਬੌਣਾ ਨਹੀਂ ਬਣਾਉਂਦਾ । **ਐਨੀ ਬੇਸੈਂਟ** ਦਾ ਵਿਚਾਰ ਹੈ ਕਿ, "ਜਿੱਥੇ ਪਿਆਰ ਰਾਜ ਕਰਦਾ ਹੈ, ਉੱਥੇ ਕਾਨੂੰਨਾਂ ਦੀ ਕੋਈ ਜ਼ਰੂਰਤ ਨਹੀਂ ਹੁੰਦੀ ।" ਪ੍ਰੋ. ਪੂਰਨ ਸਿੰਘ ਦੀ ਆਪਣੀ ਧਾਰਨਾ ਹੈ ਕਿ ਪਿਆਰ ਦਾ ਇਕ ਅਚਰਜ ਕੌਤਕ ਹੈ ਕਿ ਜਿੱਥੇ ਹੋਵੇ ਉੱਥੇ ਆਪਣੀ ਜਿੰਦ ਜਾਨ, ਰੂਹ ਸਭ ਕੁਝ ਪਿਆਰੇ ਦੇ ਹਵਾਲੇ ਕਰਨ 'ਤੇ ਦਿਲ ਕਰਦਾ ਹੈ ਤੇ ਬਿਹਬਲ ਹੋ ਕੇ ਸਾਰਾ ਆਪਾ ਤੇ ਸਭ ਕੁਝ ਪਿਆਰ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ।

ਕਵੀ ਨੂੰ ਪਿਆਰ ਵਿਚ ਅਥਾਹ ਵਿਸ਼ਵਾਸ ਹੈ ਅਤੇ ਉਹ ਪਿਆਰ ਨੂੰ ਹੀ ਸੰਸਾਰ ਦਾ ਧੁਰਾ ਸਮਝਦਾ ਹੈ । ਸੰਸਾਰਿਕ ਪਿਆਰ ਆਪਣੀ ਤੀਬਰਤਾ ਨਾਲ ਰੱਬੀ ਪਿਆਰ ਦਾ ਦਰਜਾ ਪ੍ਰਾਪਤ ਕਰ ਸਕਦਾ ਹੈ । 'ਇਹ ਸੁਨੇਹਾ ਕਿਹਾ ਪਿਆਰਾ' ਵਿਚ ਕਵੀ ਲਿਖਦਾ ਹੈ-

*"ਉਹ ਤੈਨੂੰ ਪਿਆਰ ਕਰਦਾ"*
*ਮੁੜ ਆਖੀਂ ਵੀਰਾ !*
*ਮੁੜ ਆਖੀਂ ਇਕ ਵੇਰੀ ਹੋਰ,*
*ਮੁੜ ਮੁੜ ਕੰਨੀ ਮੇਰੇ ਪਾ ਵੀਰਾ-*
*"ਉਹ ਤੈਨੂੰ ਪਿਆਰ ਕਰਦਾ ।"*

**ਗੁਰਮਤਿ ਵਿਚ ਵਿਸ਼ਵਾਸ:-** ਭਾਵੇਂ ਭਾਰਤ ਤੋਂ ਬਾਹਰ ਚਲੇ ਜਾਣ ਕਰਕੇ ਪ੍ਰੋ. ਪੂਰਨ ਸਿੰਘ ਉੱਪਰ ਵੇਦਾਂਤੀ ਅਤੇ ਬੋਧੀ ਪ੍ਰਭਾਵ ਪੈ ਗਏ ਸਨ, ਪਰ ਫਿਰ ਵੀ ਉਹ ਆਪਣੇ ਅਸਲੀ ਧਰਮ (ਗੁਰਮਤਿ) ਵੱਲ ਮੁੜਿਆ ਅਤੇ ਉਸ ਵਿਚ ਹੀ ਪਨਾਹ ਲਈ ਅਤੇ ਆਪਣੀ ਆਸਥਾ ਪ੍ਰਗਟ ਕੀਤੀ । ਉਹ ਗੁਰਮਤਿ ਅਤੇ ਸਿੱਖੀ ਤੋਂ ਲਾਂਭੇ ਹੋਣ ਦੀ ਘਟਨਾ ਨੂੰ ਕਟੋਰਾ ਭੱਜਣ ਨਾਲ ਉਪਮਾ ਦਿੰਦਾ ਹੈ-

*ਕਟੋਰਾ ਲਾਲ ਲਾਲ ਗੁਰਾਂ ਵਾਲਾ*
*ਜਿਸ ਵਿਚ ਉਨ੍ਹਾਂ ਦਾ ਅੰਮ੍ਰਿਤ ਨਾਮ ਸੀ*
*ਹੱਥੋਂ ਮੇਰੇ ਢਹਿ ਪਿਆ ਸੀ ਆਪ ਮੁਹਾਰਾ ।*
*ਕਟੋਰਾ ਭੱਜਿਆ, ਅੰਮ੍ਰਿਤ ਭੋਂ 'ਤੇ ਵੀਟਿਆ ਗਿਆ ਮੈਥੀਂ,*
*ਮੇਰੇ ਹੋਠਾਂ ਦਾ ਕਟੋਰਾ ਢਹਿ ਪਿਆ ਮੈਥੀਂ,*
*ਹੋਠ ਮੇਰੇ ਬੰਦ ਹੋਏ, ਠੀਕ ਹੈ ।*
*ਪਰ ਇਕ ਇਸ ਮਰਨ ਦਾ ਅਚੰਭਾ ਤੱਕਿਆ,*
*ਮਿੱਟੀ ਕੂਕ ਪਈ ਉੱਚੀ, ਉੱਚੀ,*
*ਜਿਹੜਾ ਨਾਮ ਸੀ ਮੇਰੇ ਹੋਠਾਂ ਵਿਚ,*
*ਤੇ ਉੱਥੇ ਹੌਲੇ-ਹੌਲੇ ਇਕ ਲਾਲ ਅੱਗ ਬਾਲਦਾ ।*

Scanned with CamScanner

**ਸਿੱਟਾ:-** ਸਿੱਟੇ ਵਜੋਂ ਅਸੀਂ ਆਖ ਸਕਦੇ ਹਾਂ ਕਿ ਪ੍ਰੋ. ਪੂਰਨ ਇਕ ਮਹਾਨ ਕਵੀ ਸੀ। ਉਸ ਦੀ ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਉਸ ਦੀ ਕਵਿਤਾ ਉੱਪਰ ਪਿਆ ਅਤੇ ਉਸ ਦੀ ਲਿਖੀ ਕਵਿਤਾ ਵਿਚੋਂ ਉਸ ਦੀ ਜੀਵਨ ਫਿਲਾਸਫ਼ੀ ਦਾ ਪਤਾ ਲਗਦਾ ਹੈ। ਉਸ ਦਾ ਜੀਵਨ-ਫਲਸਫ਼ਾ ਕਾਫ਼ੀ ਉੱਚੇ ਦਰਜੇ ਦਾ ਸੀ ਅਤੇ ਅੱਜ ਵੀ ਉਸ ਫਲਸਫ਼ੇ ਨੂੰ ਅਪਨਾਉਣ ਦੀ ਲੋੜ ਮੌਜੂਦ ਹੈ।

## ਲਾਲਾ ਧਨੀ ਰਾਮ ਚਾਤ੍ਰਿਕ

***ਪ੍ਰਸ਼ਨ:-** 'ਚਾਤ੍ਰਿਕ' ਦੀ ਕਵਿਤਾ ਵਿਚ ਮਿਲਦੇ ਪੰਜਾਬ ਪਿਆਰ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ। ਆਪਣੇ ਉੱਤਰ ਦੀ ਪੁਸ਼ਟੀ 'ਸੂਫ਼ੀ-ਖ਼ਾਨਾ' ਜਾਂ ਕਾਵਿ ਸੰਗ੍ਰਹਿ ਦੇ ਆਧਾਰ 'ਤੇ ਕਰੋ।*

***ਜਾਂ***

*ਸਿੱਧ ਕਰੋ ਕਿ 'ਚਾਤ੍ਰਿਕ' ਦੀ ਕਵਿਤਾ ਦੀ ਇਕ ਮੁੱਖ ਸੁਰ ਪੰਜਾਬੀ ਸਭਿਆਚਾਰ ਨਾਲ ਜੁੜੀ ਹੋਈ ਹੈ?*

***ਜਾਂ***

***ਇਹ ਗੱਲ ਕਿੰਨੀ ਕੁ ਠੀਕ ਹੈ ਕਿ ਚਾਤ੍ਰਿਕ ਪੰਜਾਬ ਅਤੇ ਪੰਜਾਬੀਅਤ ਦਾ ਕਵੀ ਹੈ?***

**ਉੱਤਰ:-** ਧਨੀ ਰਾਮ ਚਾਤ੍ਰਿਕ ਇਕ ਅਜਿਹਾ ਕਵੀ ਹੈ ਜਿਸ ਦੀ ਕਵਿਤਾ ਅਰਸ਼ ਦੀ ਥਾਂ ਫਰਸ਼ ਦੇ ਵਧੇਰੇ ਨੇੜੇ ਹੈ। ਉਸ ਦੀ ਸੋਚ ਕਿਸੇ ਇਕ ਫਿਰਕੇ ਤੱਕ ਸੀਮਤ ਨਹੀਂ ਸੀ, ਸਗੋਂ ਉਸ ਨੂੰ ਸਮੁੱਚਾ ਪੰਜਾਬ, ਪੰਜਾਬ ਦੀ ਧਰਤੀ, ਇੱਥੋਂ ਦੇ ਲੋਕ, ਬੋਲੀ, ਰਹਿਣ-ਸਹਿਣ, ਮੇਲੇ, ਤਿਉਹਾਰ ਆਦਿ ਸਭ ਕੁਝ ਪਿਆਰਾ ਲਗਦਾ ਸੀ। ਉਸ ਦੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਸੰਬੰਧੀ ਵਰਣਨ ਦਾ ਮੁਲਅੰਕਣ ਕਰਨ ਤੋਂ ਪਹਿਲਾਂ ਇਹ ਵੇਖਣਾ ਜ਼ਰੂਰੀ ਬਣਦਾ ਹੈ ਕਿ ਸਭਿਆਚਾਰ ਕੀ ਹੁੰਦਾ ਹੈ?

**ਸਭਿਆਚਾਰ ਕੀ ਹੁੰਦਾ ਹੈ?:-** ਪੰਜਾਬੀ ਭਾਸ਼ਾ ਵਿਚ ਸਭਿਆਚਾਰ ਲਈ ਸੰਸਕ੍ਰਿਤੀ ਤੇ ਕਲਚਰ ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਲਈ ਤਿੰਨੇ ਹੀ ਸਮਾਨ-ਅਰਥੀ ਸ਼ਬਦ ਮੰਨੇ ਜਾਂਦੇ ਹਨ। ਵੱਖ-ਵੱਖ ਵਿਦਵਾਨਾਂ ਨੇ 'ਸਭਿਆਚਾਰ' ਨੂੰ ਵੱਖ-ਵੱਖ ਢੰਗਾਂ ਨਾਲ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਅਸੀਂ ਕੁਝ ਪ੍ਰਮੁੱਖ ਵਿਦਵਾਨਾਂ ਵਲੋਂ ਦਿੱਤੀਆਂ ਪਰਿਭਾਸ਼ਾਵਾਂ ਦੇ ਰਹੇ ਹਾਂ-

**ਆਗਬਰਨ ਅਤੇ ਨਿਮਕਾਫ਼ ਅਨੁਸਾਰ,** "ਸਭਿਆਚਾਰ ਦੇ ਦੋ ਰੂਪ ਹਨ- ਪਦਾਰਥਕ ਤੇ ਗ਼ੈਰ-ਪਦਾਰਥਕ। ਪਦਾਰਥਕ ਸਭਿਆਚਾਰ ਤੋਂ ਭਾਵ ਸਾਰੀਆਂ ਸਥੂਲ ਵਸਤਾਂ ਜਿਵੇਂ:- ਘਰ, ਸੰਦ, ਪਹਿਨਣ ਦੇ ਕੱਪੜੇ ਅਤੇ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਢੰਗ, ਕਿਤਾਬਾਂ, ਤਸਵੀਰਾਂ ਆਦਿ ਹਨ। ਗ਼ੈਰ-ਪਦਾਰਥਕ ਸਭਿਆਚਾਰ ਵਿੱਚ ਅਸੀਂ ਉਹਨਾਂ ਚੀਜ਼ਾਂ ਨੂੰ ਸ਼ਾਮਿਲ ਕਰ ਸਕਦੇ ਹਾਂ ਜਿਵੇਂ:- ਪਦਾਰਥਾਂ ਦੇ ਪਿੱਛੇ ਲੁਕੇ ਵਿਚਾਰ, ਸੰਕਲਪ, ਤਕਨੀਕਾਂ, ਚਿੰਤਨ ਤੇ ਕਾਰਜ ਦੇ ਢੰਗ, ਕੀਮਤਾਂ ਅਤੇ ਭਾਵਾਤਮਕ ਪ੍ਰਕਿਰਿਆਵਾਂ ਅਤੇ ਸਾਧਾਰਨ ਰੂਪ ਵਿੱਚ ਮਨੁੱਖ ਦੀਆਂ ਅਮੂਰਤ ਰਚਨਾਵਾਂ ਜਿਵੇਂ:- ਭਾਸ਼ਾ, ਸਾਹਿਤ, ਧਰਮ, ਵਿਗਿਆਨ, ਕਾਨੂੰਨ ਆਦਿ।"

**ਸੀ. ਸੀ. ਨਾਰਥ** (C. C. North) ਅਨੁਸਾਰ, "ਸੰਸਕ੍ਰਿਤੀ ਸਭਿਆਚਾਰ ਤੋਂ ਭਾਵ ਉਹ ਔਜ਼ਾਰ ਹਨ, ਜਿਹੜੇ ਮਨੁੱਖ ਨੇ ਇਸ ਮੰਤਵ ਲਈ ਬਣਾਏ ਹਨ ਕਿ ਉਹ ਉਸ ਦੀ ਸਹਾਇਤਾ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਮਾਮਲੇ ਵਿੱਚ ਕਰ ਸਕਣ। (*"Culture consists is the instruments constituted by men to assist him in satisfying his wants."*)

ਮਾਨਵ ਵਿਗਿਆਨੀ ਈ.ਬੀ, ਟੇਲਰ ਨੇ ਵੀ ਸਭਿਆਚਾਰ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਉਹਨਾਂ ਅਨੁਸਾਰ, "ਸਭਿਆਚਾਰ ਉਹ ਗੁੰਝਲਦਾਰ ਸਮੱਗਰਤਾ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ ਨੈਤਿਕ, ਨਿਯਮ, ਕਾਨੂੰਨ, ਪ੍ਰਥਾਵਾਂ ਅਤੇ ਅਜਿਹੀਆਂ ਹੀ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਿਲ ਹਨ ਜਿਹਨਾਂ ਨੂੰ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਪ੍ਰਾਪਤ ਕੀਤਾ ਹੈ। ਡਾ. ਗੁਰਬਖ਼ਸ਼ ਸਿੰਘ ਫਰੈਂਕ ਸਭਿਆਚਾਰ ਨੂੰ ਇਕ ਜਟਿਲ ਸਿਸਟਮ ਆਖਦੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ, "ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ, ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ।"

**ਸਭਿਆਚਾਰ ਦੇ ਅੰਗ:-** ਪਦਾਰਥਕ ਸਭਿਆਚਾਰ ਦੇ ਅੰਗ ਹਨ- ਕੰਮ-ਧੰਦੇ, ਸੰਦਾਂ ਦੀ ਤਿਆਰੀ, ਪਹਿਰਾਵਾ, ਗਹਿਣੇ, ਵਸੇਬਾ ਤੇ ਰਿਹਾਇਸ਼ ਅਤੇ ਪ੍ਰਤੀਮਾਨਕ ਸਭਿਆਚਾਰ ਵਿਚ ਉਹ ਨਿਯਮ ਸ਼ਾਮਿਲ ਹੁੰਦੇ ਹਨ ਜਿਹੜੇ ਮਨੁੱਖੀ ਵਿਹਾਰ ਲਈ ਪ੍ਰਤੀਮਾਨ ਸਥਾਪਿਤ ਕਰਦੇ ਹਨ। ਇਨ੍ਹਾਂ ਵਿਚ ਲੋਕ-ਵਿਸ਼ਵਾਸ ਸ਼ਾਮਿਲ ਹੁੰਦੇ ਹਨ। ਬੌਧਿਕ ਸਭਿਆਚਾਰ ਅੰਦਰ ਸਾਹਿਤ, ਕਲਾ, ਧਰਮ, ਮਿਥਿਹਾਸ, ਦਰਸ਼ਨ ਆਦਿ ਸ਼ਾਮਿਲ ਹਨ।

**ਚਾਤ੍ਰਿਕ ਤੇ ਪੰਜਾਬੀ ਸਭਿਆਚਾਰ:-** ਸਭਿਆਚਾਰਕ ਵਰਣਨ ਚਾਤ੍ਰਿਕ ਦੀ ਕਵਿਤਾ ਦਾ ਇਕ ਪ੍ਰਮੁੱਖ ਅੰਗ ਰਿਹਾ ਹੈ। ਪ੍ਰੋ. ਸ. ਸ. ਨਰੂਲਾ ਨੇ ਆਖਿਆ ਹੈ, "ਚਾਤ੍ਰਿਕ ਦੀ ਕਵਿਤਾ ਆਪਣਾ ਸਿਖ਼ਰ ਉਸ ਸਮੇਂ ਛੋਹਦੀ ਹੈ ਜਦੋਂ ਉਹ ਪੰਜਾਬ ਦੇ ਨਿੱਤ ਬਦਲਦੇ ਭੂ-ਖੰਡੀ ਨਜ਼ਾਰਿਆਂ ਬਾਰੇ ਸੋਚ ਵਿਚਾਰ ਕਰਦਾ ਹੈ।"

ਪੰਜਾਬੀ ਸਭਿਆਚਾਰ ਦੀ ਰੂਪ-ਰੇਖਾ ਨੂੰ ਨਿਰਧਾਰਿਤ ਕਰਦਿਆਂ ਹੋਇਆਂ ਖ਼ੁਦ ਚਾਤ੍ਰਿਕ ਕਹਿੰਦਾ ਹੈ ਕਿ ਪੰਜਾਬੀ ਦਾ ਸੁਭਾਉ ਬੜਾ ਮਿੱਠਾ, ਜੀਵਨ ਬੜਾ ਸਾਦਾ, ਲੋਕ ਬੜੇ ਮਿਲਾਪੜੇ, ਹਮਦਰਦ, ਸਾਫ਼ ਦਿਲ ਤੇ ਆਦਰ ਭਰੇ ਹਨ।

**ਅਸਲ ਤਸਵੀਰ ਪਿੰਡਾਂ ਵਿਚ:-** ਉਸ ਦਾ ਵਿਸ਼ਵਾਸ ਹੈ ਕਿ ਪੰਜਾਬੀ ਸਭਿਆਚਾਰ ਦੀ ਅਸਲ ਤਸਵੀਰ ਸਾਨੂੰ ਪਿੰਡਾਂ ਵਿਚ ਵੇਖਣ ਨੂੰ ਮਿਲਦੀ ਹੈ। ਉਹ 'ਕੇਸਰ ਕਿਆਰੀ' ਕਾਵਿ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ "ਪੰਜਾਬ ਦਾ ਸਭਿਆਚਾਰ, ਰਹਿਣੀ ਬਹਿਣੀ, ਮਿਲਵਰਤਨ ਤੇ ਸੁਭਾਓ ਦੀ ਰੁਚੀ ਨੂੰ ਉਸ ਦੀ ਪੇਂਡੂ ਜੀਵਨ ਪੁਸਤਕ ਵਿਚੋਂ ਹੀ ਵਾਚਿਆ ਜਾ ਸਕਦਾ ਹੈ। ਵਧੇਰੇ ਸਮਝਦਾਰ ਤੇ ਵਿਹਾਰੀ ਤਬਕਾ ਤਾਂ ਸ਼ਹਿਰਾਂ ਵਿਚ ਜਾ ਜੁੜਦਾ ਹੈ, ਪਰ ਪੰਜਾਬ ਦਾ ਅਸਲੀ ਸਮਾਜਿਕ ਜੀਵਨ ਪਿੰਡਾਂ ਵਿਚ ਤੁਰਦਾ-ਫਿਰਦਾ ਝਲਕਦਾ ਹੈ।" ਹੇਠਾਂ ਅਸੀਂ 'ਚਾਤ੍ਰਿਕ' ਦੀ ਕਵਿਤਾ ਵਿਚ ਮਿਲਦੇ ਪੰਜਾਬੀ ਦੇ ਸਭਿਆਚਾਰਕ ਵਰਣਨ ਦਾ ਮੁਲਅੰਕਣ ਕਰ ਰਹੇ ਹਾਂ-

**ਪੰਜਾਬ ਦੀ ਧਰਤੀ:-** ਚਾਤ੍ਰਿਕ ਇਕ ਅਜਿਹਾ ਕਵੀ ਹੈ ਜਿਸ ਨੂੰ ਪੰਜਾਬ ਦੀ ਧਰਤੀ ਬਹੁਤ ਸੋਹਣੀ ਲਗਦੀ ਹੈ। ਉਹ ਇੱਥੋਂ ਦੇ ਪਹਾੜਾਂ, ਦਰਿਆਵਾਂ, ਮੈਦਾਨਾਂ ਨੂੰ ਸਲਾਹੁੰਦਾ ਹੈ। ਉਨ੍ਹਾਂ ਦੇ ਅੰਦਰਲੀ ਪੰਜਾਬੀਅਤ ਦੀ ਤੁਲਨਾ ਕਰਦਿਆਂ ਪ੍ਰੋ. ਦੀਵਾਨ ਸਿੰਘ ਨੇ ਆਪਣੇ ਇਕ ਖੋਜ ਪੱਤਰ ਵਿਚ ਠੀਕ ਹੀ ਆਖਿਆ ਹੈ ਕਿ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ-ਖੇਤਰ ਵਿਚ ਆਪਣੇ ਨਿਰੋਲ ਪੰਜਾਬੀਪਨ ਕਾਰਨ ਹੀ ਚਾਤ੍ਰਿਕ ਜੀ ਨੇ ਆਪਣਾ ਇਕ ਵਿਲੱਖਣ ਸਥਾਨ ਬਣਾਇਆ ਹੋਇਆ ਹੈ। ਇਸ ਪੰਜਾਬੀਅਤ ਕਾਰਨ ਹੀ ਉਹ ਆਪਣੇ ਸਮੇਂ ਦੇ ਉਵੇਂ ਪ੍ਰਤੀਨਿਧ ਕਵੀ ਬਣੇ ਹਨ ਜਿਵੇਂ- ਬੁੱਲ੍ਹੇ ਸ਼ਾਹ, ਵਾਰਸ, ਹਾਸ਼ਮ ਆਦਿ ਆਪਣੇ ਸਮੇਂ ਵਿਚ ਸਨ। ਕਵੀ ਪੰਜਾਬ ਦੀ ਧਰਤੀ ਦੀ ਪ੍ਰਸ਼ੰਸਾ ਕਰਦਾ ਹੋਇਆ 'ਪੰਜਾਬ' ਨਾਂ ਦੀ ਕਵਿਤਾ ਵਿਚ ਆਖਦਾ ਹੈ-

*"ਪੰਜਾਬ ! ਕਰਾਂ ਕੀ ਸਿਫ਼ਤ ਤਿਰੀ,*
*ਸ਼ਾਨਾਂ ਦੇ ਸਭ ਸਾਮਾਨ ਤਿਰੇ।*
*ਜਲ ਪਉਣ ਤਿਰਾ, ਹਰਿਔਲ ਤਿਰੀ,*
*ਦਰਯਾ, ਪਰਬਤ, ਮੈਦਾਨ ਤਿਰੇ,*
*ਭਾਰਤ ਦੇ ਸਿਰ ਤੇ ਛਤਰ ਤਿਰਾ,*
*ਤੇਰੇ ਸਿਰ ਛਤਰ ਹਿਮਾਲਾ ਦਾ।*

...............

*ਅਰਸ਼ੀ ਬਰਕਤ ਰੂੰ ਵਾਂਗ ਉਤਰ,*
*ਚਾਂਦੀ ਦੇ ਢੇਰ ਲਗਾਂਦੀ ਹੈ;*
*ਚਾਂਦੀ ਦਲ ਦਲ ਕੇ ਵਿਛਦੀ ਹੈ,*
*ਤੇ ਸੋਨਾ ਬਣਦੀ ਜਾਂਦੀ ਹੈ।*

Scanned with CamScanner

ਉਸ ਨੂੰ ਪੰਜਾਬ ਦੀ ਹਰਿਆਵਲ ਵੀ ਬਹੁਤ ਪਿਆਰੀ ਲਗਦੀ ਹੈ। ਇਸੇ ਲਈ ਉਹ ਇਕ ਹੋਰ ਕਵਿਤਾ 'ਦੇਸ਼ ਪੰਜਾਬ' ਵਿਚ 'ਪੰਜਾਬ' ਨੂੰ ਭਾਰਤ ਦੇ ਸੀਸ ਦਾ ਛਤਰ ਆਖਦਾ ਹੈ:-

*ਹਰੇ ਭਰੇ ਹੇ ਦੇਸ਼ ਪੰਜਾਬ ਮੇਰੇ,*
*ਸਾਰੇ ਦੇਸ਼ਾਂ ਦੇ ਸਿਰ ਦਾ ਸਰਦਾਰ ਹੈ ਤੂੰ।*
*ਮੁਕਟ ਸਿਹਰਿਆਂ ਲੱਦਿਆ ਪਰਬਤਾਂ ਦਾ,*
*ਲਾੜ ਰੱਬ ਨੇ ਦਿੱਤਾ ਸ਼ਿੰਗਾਰ ਹੈ ਤੂੰ।*
*ਭਾਰਤ ਵਰਸ਼ ਦੇ ਸੀਸ ਤੇ ਛਤ੍ਰ ਛਾਇਓਂ*
*ਅੰਨਾਂ ਧਨਾਂ ਦਾ ਭਰਿਆ ਭੰਡਾਰ ਹੈ ਤੂੰ।*

**ਪੰਜਾਬੀ ਬੋਲੀ:-** ਚਾਤ੍ਰਿਕ ਨੂੰ ਪੰਜਾਬ ਦੀ ਧਰਤੀ ਨਾਲ ਹੀ ਨਹੀਂ, ਸਗੋਂ ਪੰਜਾਬੀ ਬੋਲੀ ਨਾਲ ਵੀ ਡੂੰਘਾ ਪਿਆਰ ਹੈ। ਉਸ ਦੀਆਂ ਨਜ਼ਰਾਂ ਵਿਚ ਜਿਸ ਵਿਅਕਤੀ ਨੂੰ ਆਪਣੀ ਮਾਂ ਬੋਲੀ ਨਾਲ ਪਿਆਰ ਨਹੀਂ ਹੁੰਦਾ, ਉਹ ਮੁਰਦੇ ਦੇ ਸਮਾਨ ਹੁੰਦਾ ਹੈ। ਪ੍ਰੋ. ਜੀ. ਐੱਲ ਸ਼ਰਮਾ ਨਾਲ ਸਾਡੀ ਸਹਿਮਤੀ ਹੈ ਜਦੋਂ ਉਹ ਕਹਿੰਦੇ ਹਨ ਕਿ ਪੰਜਾਬੀ ਸਭਿਆਚਾਰ ਨੂੰ ਏਨਾ ਜ਼ਿਆਦਾ ਪਿਆਰ ਕਰਨ ਵਾਲੇ 'ਚਾਤ੍ਰਿਕ' ਅੰਦਰ ਪੰਜਾਬੀ ਬੋਲੀ ਲਈ ਪਿਆਰ ਮਾਂ-ਪਿਆਰ ਤੋਂ ਵੀ ਵੱਧ ਹੈ। ਉਸ ਨੂੰ ਇਹ ਬੋਲੀ ਹੀ ਕੋਮਲ, ਮਿੱਠੀ ਤੇ ਸਵਾਦਲੀ ਨਹੀਂ ਜਾਪਦੀ, ਸਗੋਂ ਉਹ ਨੂੰ ਤਾਂ ਉਰਦੂ, ਹਿੰਦੀ ਦੀਆਂ ਰਚਨਾਵਾਂ ਵੀ ਪੰਜਾਬੀ ਬੋਲੀ ਤੇ ਪੰਜਾਬੀਅਤ ਦੇ ਰੰਗ ਵਿਚ ਰੰਗੀਆਂ ਹੋਈਆਂ ਜਾਪਦੀਆਂ ਹਨ। ਉਹ ਇਕ ਥਾਂ ਆਖਦਾ ਹੈ-

*"ਤੇਰੀ ਮਾਖਿਓਂ ਮਿੱਠੀ ਬੋਲੀ ਦੀ,*
*ਸਿਫ਼ਤ ਕਰਦਿਆਂ ਜੀ ਨਾ ਰਜਦਾ ਹੈ।*
*ਉਰਦੂ ਹਿੰਦੀ ਦਿਆਂ ਸਾਜਾਂ ਵਿਚ,*
*ਸੁਰ ਤਾਲ ਤੇਰਾ ਹੀ ਵਜਦਾ ਹੈ।"*

ਉਹ ਇਕ ਹੋਰ ਕਵਿਤਾ 'ਬੋਲੀ ਹੈ ਪੰਜਾਬੀ ਸਾਡੀ' ਵਿਚ ਇਸ ਬੋਲੀ ਨੂੰ ਆਪਣੀ ਜਿੰਦ-ਜਾਨ ਅਤੇ ਮੋਤੀਆਂ ਦੀ ਖਾਨ ਆਖਦਾ ਹੈ-

*"ਏਹੋ ਜਿੰਦ ਜਾਨ ਸਾਡੀ,*
*ਮੋਤੀਆਂ ਦੀ ਖਾਨ ਸਾਡੀ,*
*ਹਥੋਂ ਨਹੀਂ ਗੁਆਉਣੀ,*
*ਬੋਲੀ ਹੈ ਪੰਜਾਬੀ ਸਾਡੀ।"*

**ਪੰਜਾਬ ਦੇ ਲੋਕ:-** ਉਸ ਨੂੰ ਪੰਜਾਬ ਵਿਚ ਵਿਚਰਦੇ ਵੱਖ-ਵੱਖ ਲੋਕ ਚੰਗੇ ਲੱਗਦੇ ਹਨ, ਕਿਉਂਕਿ ਇੱਥੋਂ ਦੇ ਨੌਜਵਾਨਾਂ ਦੀਆਂ ਛਾਤੀਆਂ ਚੌੜੀਆਂ ਹਨ, ਉਹ ਸਰੀਰ ਪੱਖੋਂ ਬਹੁਤ ਤਕੜੇ ਹਨ ਅਤੇ ਇੱਥੋਂ ਦੀਆਂ ਮੁਟਿਆਰਾਂ ਬਹੁਤ ਸੁਹਣੀਆਂ ਹਨ-

*ਤੇਰੇ ਜੋਬਨ ਤੇ ਹੁਸਨ ਦੀ ਰੀਸ ਹੈ ਨਹੀਂ,*
*ਬਰਸੇ ਨੂਰ ਤੇ ਭਖਦੀਆਂ ਲਾਲੀਆਂ ਨੇ,*
*ਸਿੰਘ ਸੂਰਮੇ, ਡੋਗਰੇ ਕੁੰਢ ਮੁੱਛੇ,*
*ਪੋਠੋਹਾਰ ਦੀਆਂ ਪੱਟੀਆਂ ਕਾਲੀਆਂ ਨੇ,*
*ਛੈਲ ਗੱਭਰੂ ਬਾਂਕੇ ਜੁਆਨ ਸੁਹਣੇ,*
*ਹਿੱਕਾਂ ਚੌੜੀਆਂ ਅੱਖਾਂ ਮਤਵਾਲੀਆਂ ਨੇ,*
*ਦਰਸ਼ਨ ਕੀਤਿਆਂ ਜਿਨ੍ਹਾਂ ਦੇ ਭੁੱਖ ਲੱਥੇ,*
*ਕਹੀਆਂ ਸੂਰਤਾਂ ਸੱਚੇ ਵਿਚ ਢਾਲੀਆਂ ਨੇਂ।*

**ਤਿਉਹਾਰ ਤੇ ਮੇਲੇ:-** ਲੋਕ ਤਿਉਹਾਰ ਤੇ ਮੇਲੇ ਕਿਸੇ ਸਭਿਆਚਾਰ ਵਿਚ ਬਹੁਤ ਮਹੱਤਵ ਰੱਖਦੇ ਹਨ। ਕਵੀ ਚਾਤ੍ਰਿਕ ਨੇ ਪੰਜਾਬ ਦੇ ਲੋਕਾਂ ਦੇ ਨਾਲ-ਨਾਲ ਇੱਥੋਂ ਦੇ ਤਿਉਹਾਰ ਅਤੇ ਮੇਲਿਆਂ ਦਾ ਵਰਣਨ ਵੀ ਆਪਣੀ ਕਵਿਤਾ ਵਿਚ ਕੀਤਾ ਹੈ। ਪ੍ਰੋ. ਗੁਰਦੇਵ ਸਿੰਘ ਦੇ ਸ਼ਬਦਾਂ ਵਿਚ "ਮੇਲਿਆਂ, ਪੁਰਬਾਂ, ਰਾਸ-ਲੀਲਾਵਾਂ, ਜਗਰਾਤਿਆਂ, ਤੀਰਥ-ਯਾਤਰਾਵਾਂ, ਦੇਵੀ ਦੇਵਤਿਆਂ ਦੀਆਂ ਭੇਟਾਵਾਂ, ਕੱਵਾਲੀਆਂ, ਜਾਗੋਆਂ, ਤੀਆਂ, ਪੰਚਮੀਆਂ ਤੇ ਮੱਸਿਆਵਾਂ ਦੇ ਅਸ਼ਨਾਨਾਂ, ਪੀਰਾਂ ਦੇ ਮਜਾਰੀਂ ਸ਼ਰਧਾ ਨਾਲ ਧਰੇ ਚਰਾਗਾਂ, ਸ਼ਹੀਦਾਂ ਦੀਆਂ ਮੱਟੀਆਂ ਦੇ ਨੁੱਕਰੀ ਬਲਦੇ ਦੀਵਿਆਂ, ਕਰੂਏ ਦੇ ਵਰਤਾਂ, ਗਰਬੜਿਆਂ ਤੇ ਝੱਕਰੀਆਂ ਦਾ ਮਿਲਗੋਭਾ ਹੈ ਭਾਰਤੀ ਤੇ ਪੰਜਾਬੀ ਸਭਿਆਚਾਰ। ਧਨੀ ਰਾਮ 'ਚਾਤ੍ਰਿਕ' ਜਦੋਂ 'ਕੱਤਕ ਦੀ ਦੀਪਮਾਲਾ' ਨਾਂ ਦੀ ਕਵਿਤਾ ਦੀ ਸਿਰਜਨਾ ਕਰਦਾ ਹੈ ਤਾਂ ਉਹ ਇਕ ਪਾਸੇ ਇਸ ਤਿਉਹਾਰ ਦਾ ਸੰਬੰਧ ਭਾਰਤੀ ਲੋਕ-ਨਾਇਕ ਰਾਮ ਚੰਦਰ ਨਾਲ ਜੋੜਦਾ ਹੈ ਤੇ ਦੂਜੇ ਪਾਸੇ ਇਸ ਨੂੰ ਛੇਵੇਂ ਸਿੱਖ ਗੁਰੂ ਹਰਗੋਬਿੰਦ ਜੀ ਨਾਲ ਵੀ ਸੰਬੰਧਿਤ ਕਰਦਾ ਹੈ। 'ਮੇਲੇ ਵਿਚ ਜੱਟ' 'ਚਾਤ੍ਰਿਕ' ਦੀ ਪ੍ਰਸਿੱਧ ਕਵਿਤਾ ਹੈ।

ਕਵੀ 'ਸਾਉਣ ਦਾ ਨਾਚ' ਕਵਿਤਾ ਵਿਚ ਸਾਉਣ (ਤੀਆਂ ਦੇ ਮਹੀਨੇ) ਵਿਚ ਪਿੱਪਲਾਂ 'ਤੇ ਪੈਣ ਵਾਲੀਆਂ ਪੀਂਘਾਂ ਦੇ ਅਨੰਦ ਨੂੰ ਕਾਵਿਕ ਰੂਪ ਦਿੰਦਾ ਹੋਇਆ ਲਿਖਦਾ ਹੈ:-

*ਪਿਪਲਾਂ ਦੀ ਛਾਵੇਂ ਪੀਂਘਾਂ ਪਈਆਂ,*
*ਜੋੜੀਆਂ ਬਣ ਬਣ ਝੂਟਣ ਸਈਆਂ,*
*ਕੰਤ ਕਬੂਲੀਆਂ, ਮਾਹੀ ਕੋਲ ਗਈਆਂ,*
*ਲਾ ਲਾ ਕੇ ਸੋਲਾਂ ਸ਼ਿੰਗਾਰ।*

ਇਸੇ ਤਰ੍ਹਾਂ 'ਮੇਲੇ ਵਿਚ ਜੱਟ' ਕਵਿਤਾ ਵਿਚ ਪੰਜਾਬ ਦੇ ਵਿਸਾਖੀ ਦੇ ਮੇਲੇ ਦੇ ਦ੍ਰਿਸ਼ ਨੂੰ ਸਾਕਾਰ ਕਰਦਾ ਹੋਇਆ ਉਹ ਕਹਿੰਦਾ ਹੈ:-

*"ਤੂੰਬੇ ਨਾਲ ਭਾਤੋਂ ਭਾਂਤ ਬੋਲ ਬੋਲੀਆਂ*
*ਹਾੜ੍ਹ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ।*
*ਛਿੰਝ ਦੀ ਤਿਆਰੀ ਹੋਈ ਢੋਲ ਵੱਜਦੇ,*
*ਕੱਸ ਕੇ ਲੰਗੋਟੇ ਆਏ ਸ਼ੇਰ ਗਜਦੇ।"*

**ਲੋਕ ਖੇਡਾਂ:-** ਤਿਉਹਾਰਾਂ ਅਤੇ ਮੇਲਿਆਂ ਵਾਂਗ ਲੋਕ ਖੇਡਾਂ ਵੀ ਕਿਸੇ ਕੌਮ ਦੇ ਸਭਿਆਚਾਰ ਦਾ ਵੱਡਮੁੱਲਾ ਸਰਮਾਇਆ ਹੁੰਦੀਆਂ ਹਨ। ਚਾਤ੍ਰਿਕ ਨੇ ਆਪਣੀ ਕਵਿਤਾ ਵਿਚ ਸੌਂਚੀ, ਬਗਦਰ, ਛਾਲਾਂ, ਵੀਣੀ ਪਕੜਨੀ, ਛਿੰਝਾਂ ਆਦਿ ਦਾ ਵਰਣਨ ਕੀਤਾ ਹੈ:-

(ੳ) *ਸੌਂਚੀ ਬੁਗਦਰ, ਛਾਲਾਂ ਵੀਣੀ,*
*ਹਰ ਇਕ ਖੇਡ ਤੇਰੀ ਸਾਹ ਪੀਣੀ।*

(ਅ) *"ਲਿਸ਼ਕਦੇ ਨੇ ਪਿੰਡੇ ਗੁੰਨ੍ਹੇ ਹੋਏ ਤੇਲ ਦੇ,*
*ਮਾਰਦੇ ਨੇ ਛਾਲਾਂ ਨਾਲੇ ਡੰਡ ਪੇਲ ਦੇ।*
*ਕਿੱਸੂ ਨੂੰ ਸੁਰੈਣਾ, ਪਹਿਲੇ ਹੱਥ ਢਾਹ ਗਿਆ,*
*ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।"*

**ਪੰਜਾਬ ਦੀ ਉਪਜ:-** ਇਸ ਕਵੀ ਦੀ ਕਵਿਤਾ ਵਿਚ ਪੰਜਾਬ ਦੇ ਵੱਖੋ-ਵੱਖ ਇਲਾਕਿਆਂ ਦੀਆਂ ਉਪਜਾਂ ਦੀ ਵੀ ਪ੍ਰਸ਼ੰਸਾ ਕੀਤੀ ਮਿਲਦੀ ਹੈ। ਚਾਤ੍ਰਿਕ ਦੇ ਸਮੇਂ ਦੇ ਪੰਜਾਬ ਦੇ ਵੱਖ-ਵੱਖ ਇਲਾਕੇ ਵੱਖ-ਵੱਖ ਚੀਜ਼ਾਂ ਦੇ ਉਤਪਾਦਨ ਲਈ ਪ੍ਰਸਿੱਧ ਸਨ। ਉਸ ਸਮੇਂ ਦੇ ਪੰਜਾਬ ਵਿਚ ਕਾਲਰ ਦੇ ਇਲਾਕੇ ਦੀ ਬਾਸਮਤੀ, ਮਾਲਵੇ ਦੀ ਸੂਜੀ ਬਾਰ ਦੇ ਇਲਾਕੇ ਦਾ ਘਿਓ, ਮਾਝੇ ਦਾ ਦੁੱਧ, ਡੋਗਰੀ ਇਲਾਕੇ ਦਾ ਸ਼ਹਿਦ, ਦੁਆਬੇ ਦਾ ਗੁੜ, ਮੁਲਤਾਨ ਦੀ ਖਜੂਰ ਆਦਿ ਲੋਕਾਂ ਵਿਚ ਬਹੁਤ ਹਰਮਨ ਪਿਆਰੇ ਸਨ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਵਰਣਨ ਚਾਤ੍ਰਿਕ ਆਪਣੀ ਇਕ ਕਵਿਤਾ 'ਇਲਾਹੀ ਜੱਗ' ਵਿਚ ਕਰਦਾ ਹੈ -

*ਕਾਲਰ ਦੀ ਬੇਗਮੀ, ਤੇ ਮਾਲਵੇ ਤੋਂ ਸੂਜੀ ਆਈ,*
*ਘਿਉ ਆਇਆ ਬਾਰੋਂ, ਦੁੱਧ ਮਾਝੇ ਦਾ ਚੁਆਇਆ ਹੈ।*
*ਡੁਗਰ ਦੀ ਮਾਖਿਉਂ, ਦੁਆਬੇ ਵਿਚੋਂ ਆਇਆ ਗੁੜ,*
*ਰਸਾ ਮੁਲਤਾਨ ਦੀ, ਖਜੂਰ ਦਾ ਚੁਆਇਆ ਹੈ।*

**ਲੋਕ-ਵਿਸ਼ਵਾਸ:-** ਲੋਕ-ਵਿਸ਼ਵਾਸ ਲੋਕ ਮਨ ਨਾਲ ਜੁੜੀ ਆਸਥਾ ਹੁੰਦੀ ਹੈ ਅਤੇ ਇਹ ਕਿਸੇ ਕੌਮ ਦੇ ਸਭਿਆਚਾਰ ਦੀ ਰੀੜ੍ਹ ਦੀ ਹੱਡੀ ਆਖੇ ਜਾ ਸਕਦੇ ਹਨ। ਇਨ੍ਹਾਂ ਦਾ ਸੰਬੰਧ ਰਸਮ-ਰਿਵਾਜ, ਲੋਕ ਧਰਮ, ਰਿਸ਼ਤੇ-ਨਾਤਿਆਂ ਆਦਿ ਨਾਲ ਜੁੜਿਆ ਹੁੰਦਾ ਹੈ। ਚਾਤ੍ਰਿਕ ਨੇ 'ਇਲਾਹੀ ਜੱਗ' ਕਵਿਤਾ ਵਿਚ ਇਕ ਅਜਿਹੇ ਪ੍ਰਸ਼ਾਦ

Scanned with CamScanner

ਦੀ ਗੱਲ ਕੀਤੀ ਹੈ ਜਿਸ ਨੂੰ ਪੰਜਾਬੀ ਸ਼ਰਧਾ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਇਕ ਵਿਦਵਾਨ ਅਨੁਸਾਰ, ਲੋਕ-ਵਿਸ਼ਵਾਸ ਵਿਚ ਭੋਗ ਜਾਂ ਪ੍ਰਸਾਦ ਇਕ ਰੂਹਾਨੀ ਪਾਕੀਜ਼ਗੀ ਨੂੰ ਬਿਆਨ ਕਰਨ ਵਾਲੇ ਸ਼ਬਦ ਹਨ। ਗੁਰਦੁਆਰੇ ਜਾਂ ਮੰਦਰ ਤੋਂ ਲਿਆਂਦਾ ਗਿਆ ਭੋਗ ਜਾਂ ਪ੍ਰਸਾਦ ਹਰ ਕੋਈ ਆਪਣੇ ਮੱਥੇ ਨਾਲ ਛੁਹਾ ਕੇ ਅੰਗੀਕਾਰ ਕਰਦਾ ਹੈ। ਇਸ ਭੋਗ ਨਾਲ ਮੋਹਨ ਦਾ ਨਾਂ ਜੁੜ ਜਾਵੇ ਤਾਂ ਇਹ ਮੋਹਨ-ਭੋਗ ਬਣ ਜਾਂਦਾ ਹੈ, ਕ੍ਰਿਸ਼ਨ ਮਹਾਰਾਜ ਦੇ ਵਿਅਕਤਿਤਵ ਦੇ ਸਮੂਹ ਦਾ ਪ੍ਰਤੀਕ, ਸ਼ਰਧਾ, ਪ੍ਰੇਮ, ਭਗਤੀ, ਦੈਵਤਵ, ਮਿੱਤੀ, ਵੀਰਤਾ ਆਦਿ ਦਾ ਮੁਜੱਸਮ। ਭੋਗ ਜਾਂ ਪ੍ਰਸਾਦ 'ਛਕੀਦਾ' ਹੈ, ਖਾਈਦਾ ਨਹੀਂ। ਕਵੀ ਇਸ ਕਵਿਤਾ ਵਿਚ ਅਜਿਹੇ ਹੀ ਵਿਚਾਰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ-

*ਅਤੁ ਸਾਰੇ ਦੇਸ ਦੇ, ਦਿਮਾਗ ਦਾ ਨਚੋੜ ਜੋੜ,*
*ਛਾਂਦਾ ਮੋਹਣ ਭੋਗ ਦਾ ਤਿਆਰ ਕਰਵਾਇਆ ਹੈ।*
*ਆਓ ਛਕ ਜਾਓ ਭੋਗ ਆਤਮਾ ਦਾ ਕਾਦਰ ਰਸ,*
*ਪਿਆਰੀ ਮਾਤ ਭੋਲੀ ਨੇ ਇਲਾਹੀ ਜਗ ਲਾਇਆ ਹੈ।*

**ਲੋਕ ਕਿੱਤੇ:-** ਉਸ ਦੀ ਕਵਿਤਾ ਵਿਚ ਹੋਰ ਗੱਲਾਂ ਦੇ ਨਾਲ-ਨਾਲ ਪੰਜਾਬ ਦੇ ਲੋਕ ਕਿੱਤਿਆਂ ਦਾ ਵੀ ਵਰਣਨ ਮਿਲਦਾ ਹੈ। ਇਸ ਗੱਲ ਦਾ ਪ੍ਰਗਟਾਅ ਅਸੀਂ ਕਵੀ ਦੀ ਇਕ ਕਵਿਤਾ 'ਵਧੀ ਚਲ ਅਗੇਰੇ' ਵਿਚੋਂ ਦੇ ਸਕਦੇ ਹਾਂ:-

*ਕਿਸਾਨਾਂ! ਮਜ਼ੂਰਾਂ! ਤ੍ਰਖਾਣਾ! ਲੁਹਾਰਾਂ!*
*ਮੇਰੇ ਕਸਬੀਆਂ! ਕਿਰਤੀਆਂ! ਦਸਤਕਾਰਾਂ!*
*ਤੂੰ ਹੈਂ ਦੇਸ ਦਾ ਆਸਰਾ ਤੇ ਸਹਾਰਾ।*
*ਏਹ ਰੌਣਕ ਤੇ ਦੌਲਤ ਵਧੇ ਨਾਲ ਤੇਰੇ।*
*ਵਧੀ ਚਲ ਅਗੇਰੇ, ਵਧੀ ਚਲ ਅਗੇਰੇ।*

ਇਸੇ ਤਰ੍ਹਾਂ 'ਮੇਲੇ ਵਿਚ ਜੱਟ' ਨਾਂ ਦੀ ਕਵਿਤਾ ਵਿਚ ਉਹ ਕਿਸਾਨੀ ਦੇ ਕਿੱਤੇ ਤੋਂ ਇਲਾਵਾ ਕੁਝ ਹੋਰ ਲੋਕ ਕਿੱਤਿਆਂ ਦਾ ਵੀ ਵਰਣਨ ਕਰਦਾ ਹੈ-

*ਖੁਲ੍ਹ ਗਈਆਂ ਬੋਤਲਾਂ ਗਲਾਸ ਫਿਰਿਆ,*
*ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ।*
*ਡੂੰਮਾਂ ਤੇ ਕਮੀਣਾਂ ਨੂੰ ਮਜ਼ਾ ਚਖਾ ਗਿਆ।*
*ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।*

ਪੰਜਾਬੀ ਸਭਿਆਚਾਰ ਦੇ ਕੁਝ ਹੋਰ ਅੰਗ ਜਿਵੇਂ:- ਰਿਸ਼ਤੇ-ਨਾਤੇ, ਹਾਰ-ਸ਼ਿੰਗਾਰ, ਰੁੱਤਾਂ ਆਦਿ ਦੀਆਂ ਹੋਰ ਉਦਾਹਰਣਾਂ ਚਾਤ੍ਰਿਕ ਦੀ ਕਵਿਤਾ ਵਿਚੋਂ ਦਿੱਤੀਆਂ ਜਾ ਸਕਦੀਆਂ ਹਨ।

**ਸਿੱਟਾ:-** ਸਿੱਟੇ ਵਜੋਂ ਅਸੀਂ ਆਖ ਸਕਦੇ ਹਾਂ ਕਿ ਚਾਤ੍ਰਿਕ ਨੂੰ ਪੰਜਾਬ ਦੇ ਸਭਿਆਚਾਰ ਨਾਲ ਇਕ ਡੂੰਘਾ ਮੋਹ ਤੇ ਪਿਆਰ ਸੀ। ਉਸ ਨੂੰ ਇੱਥੋਂ ਦੇ ਕਿਣਕੇ-ਕਿਣਕੇ ਵਿਚੋਂ ਅਪੱਣਤ ਦਾ ਅਹਿਸਾਸ ਅਨੁਭਵ ਹੁੰਦਾ ਸੀ। ਸ਼ਾਇਦ ਉਹ ਇਸੇ ਲਈ ਆਖਦਾ ਹੈ:-

*'ਦਰਗਾਹੀਂ ਸੱਦੇ ਆ ਗਏ ਨੇ*
*ਸਮਾਨ ਤਿਆਰ ਸਫ਼ਰ ਦਾ ਹੈ।*
*ਪਰ ਤੇਰੇ ਬੂਹਿਉਂ ਹਿੱਲਣ ਨੂੰ*
*ਚਾਤ੍ਰਿਕ ਦਾ ਜੀ ਨਹੀਂ ਕਰਦਾ ਹੈ।"*

ਸਾਡੀ ਪ੍ਰੋ. ਕਰਨਜੀਤ ਸਿੰਘ ਨਾਲ ਸਹਿਮਤੀ ਹੈ ਕਿ ਚਾਤ੍ਰਿਕ ਦੀ ਕਵਿਤਾ ਵਿਚ ਪੰਜਾਬੀ ਜੀਵਨ, ਖ਼ਾਸ ਕਰਕੇ ਪਿੰਡਾਂ ਦਾ ਜੀਵਨ, ਰਹਿਣੀ-ਬਹਿਣੀ, ਰਹੁ-ਰੀਤਾਂ, ਮੇਲਿਆਂ, ਤਿਉਹਾਰਾਂ, ਕੁਦਰਤੀ ਨਜ਼ਾਰਿਆਂ, ਨਦੀਆਂ, ਨਾਲਿਆਂ, ਖੇਤਾਂ, ਜੰਗਲਾਂ, ਕਾਮਿਆਂ, ਕਿਸਾਨਾਂ, ਗੱਲ ਕੀ ਪੰਜਾਬੀ ਜੀਵਨ ਦੇ ਇਕ-ਇਕ ਵੇਰਵੇ ਦਾ ਇਤਨਾ ਸੁੰਦਰ ਤੇ ਭਾਵਮਈ ਠੇਠ ਪੰਜਾਬੀ ਜ਼ੁਬਾਨ ਵਿਚ ਬਿਆਨ ਹੋਇਆ ਹੈ ਕਿ ਚਾਤ੍ਰਿਕ ਕਾਵਿ ਨੂੰ ਪੰਜਾਬੀ ਸਭਿਆਚਾਰ ਦਾ ਚਿੱਤਰ ਵੀ ਆਖਿਆ ਜਾ ਸਕਦਾ ਹੈ।

## ਅੰਮ੍ਰਿਤਾ ਪ੍ਰੀਤਮ

*ਪ੍ਰਸ਼ਨ:- ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਕਾਵਿ ਨੂੰ ਕੀ ਦੇਣ ਹੈ?*

*ਜਾਂ*

*ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚਲੀਆਂ ਕਾਵਿ ਵਿਸ਼ੇਸ਼ਤਾਵਾਂ ਨੂੰ ਆ... ਸ਼ਬਦਾਂ ਵਿਚ ਲਿਖੋ।*

**ਉੱਤਰ :-** ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬੀ ਕਾਵਿ ਬਾਗ ਦੀ 'ਬੁਲਬੁਲ' ਅ... ਪੰਜਾਬ ਦੀ ਆਵਾਜ਼ ਕਿਹਾ ਗਿਆ ਹੈ। ਇਕ ਵਿਦਵਾਨ ਦੇ ਸ਼ਬਦਾਂ ਵਿਚ, 'ਅੰਮ੍ਰਿ... ਪ੍ਰੀਤਮ ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸ ਵਿਚ ਇੱਕ ਉੱਘਾ ਨਾਂ ਹੈ। ਉ... ਨੇ ਆਰੰਭ ਵਿਚ ਧਾਰਮਿਕ ਭਾਵਨਾਵਾਂ ਨਾਲ ਓਤਪੋਤ ਸਰੋਦੀ ਗੀਤ ਲਿਖੇ, ਪਰ ਛੇ... ਹੀ ਸਮਾਜਵਾਦੀ ਯਥਾਰਥਵਾਦੀ ਪ੍ਰਭਾਵ ਹੇਠ ਸਮਾਜਿਕ ਚੇਤਨਾ ਅਤੇ ਲੋਕ-ਵੇਦ... ਨਾਲ ਭਰਪੂਰ ਕਾਵਿ-ਰਚਨਾ ਵੱਲ ਰੁੱਖ ਕਰ ਲਿਆ ਹੈ।

**ਕਾਵਿ ਰਚਨਾਵਾਂ :-** ਅੰਮ੍ਰਿਤ ਲਹਿਰ, ਜੀਉਂਦਾ ਜੀਵਨ, ਓ ਗੀਤਾਂ ਵਾਲਿਆ, ਬੱਦਲਾਂ ਦੇ ਪੱਲੇ ਵਿਚ, ਲੋਕ ਪੀੜ, ਪੱਥਰ ਗੀਟੇ, ਲੰਮੀਆਂ ਵਾਟਾਂ, ਮੈਂ ਤਵਾਰੀਖ਼ ਹਿੰਦ ਦੀ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ, ਨਾਗਮਣੀ, ਕਾਗਜ਼ ਤੇ ਕੈਨਵ... ਕਾਗਜ਼ ਤੇ ਕੈਨਵਸ ਤੋਂ ਪਿੱਛੋਂ, ਮੈਂ ਜਮਾ ਤੂੰ, ਚੇਤਰਨਾਮਾ, ਚੋਣਵੀਆਂ, ਪਿਆ... ਕਵਿਤਾਵਾਂ ਆਦਿ।

ਅੰਮ੍ਰਿਤਾ ਪ੍ਰੀਤਮ ਦੀ ਕਾਵਿ ਕਲਾ ਅਤੇ ਪੰਜਾਬੀ ਕਾਵਿ ਨੂੰ ਦੇਣ ਸੰਬੰਧੀ ਚਰ... ਕਰਨ ਲਈ ਉਸ ਦੀ ਕਵਿਤਾ ਦੇ ਵਿਸ਼ਾ ਪੱਖ ਅਤੇ ਰੂਪਕ ਪੱਖ ਉੱਤੇ ਵਿਚ... ਕਰਨਾ ਪਵੇਗਾ।

### ਵਿਸ਼ਾ-ਖੇਤਰ

ਅੰਮ੍ਰਿਤਾ ਪ੍ਰੀਤਮ ਨੇ ਆਪਣੀ ਕਵਿਤਾ ਵਿਚ ਕਈ ਵਿਸ਼ੇ ਲਏ ਹਨ ਜਿਵੇਂ ਨਾਰੀ ਸੰਵੇਦਨਾ, ਸਮਾਜਿਕ ਚੇਤਨਾ, ਪਿਆਰ ਫਲਸਫ਼ਾ, ਮਾਨਵੀ ਰਿਸ਼ਤਿਆਂ ਦ... ਜਟਿਲਤਾ ਆਦਿ।

**ਨਾਰੀ ਸੰਵੇਦਨਾ :-** ਅੰਮ੍ਰਿਤਾ ਪ੍ਰੀਤਮ ਇਸਤਰੀ ਜਾਤੀ ਦੇ ਜਜ਼ਬਿਆਂ, ਉ... ਦੀਆਂ ਪੀੜਾਂ, ਉਹਦੇ ਮਨ ਦੀਆਂ ਚਸਕਾਂ ਅਤੇ ਉਸ ਦੀਆਂ ਲੋੜਾਂ, ਥੁੜ੍ਹਾਂ, ਸੱਧਰਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦੀ ਹੈ। ਇਸ ਲਈ ਉਹ ਇਸਤਰੀ ਜਾਤੀ ਦ... ਵਕਾਲਤ ਕਰਦੀ ਹੈ। ਇਸ ਕਰਕੇ ਪ੍ਰਿੰ: ਤੇਜਾ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਨੂੰ 'ਪੰਜਾਬ ਦੀ ਆਵਾਜ਼' ਕਿਹਾ ਸੀ। ਡਾ. ਤਰਲੋਕ ਸਿੰਘ ਆਨੰਦ ਅਤੇ ਡਾ. ਬਵੇਜਾ ਅਨੁਸਾਰ, ਪੰਜਾਬੀ ਕਾਵਿ ਖੇਤਰ ਵਿਚ ਪਹਿਲੀ ਵਾਰੀ ਇਸਤਰੀ ਦੀ ਆਵਾਜ਼ ਬੁਲੰਦ ਕਰਨ ਵਾ... ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੂੰ ਪੰਜਾਬੀ ਕਾਵਿ-ਜਗਤ ਵਿਚ ਵਿਸ਼ੇਸ਼ ਮੁਕਾਮ ਹਾਸਿਲ ਹੈ। ਦੇਸ਼ ਵੰਡ ਬਾਰੇ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵਰਗੀ ਕਵਿਤਾ ਲਿਖ ਕੇ ਮਕਬੂਲੀਅਤ ਦੀਆਂ ਸਾਰੀਆਂ ਹੱਦਾਂ-ਬੰਨੇ ਟੱਪਣ ਵਾਲੀ ਅੰਮ੍ਰਿਤਾ ਪ੍ਰੀਤਮ ਨੇ ਸਾਢੇ ਛੇ ਦਹਾਕਿਆਂ ਤੋਂ ਪੰਜਾਬੀ ਕਾਵਿ-ਖੇਤਰ ਵਿਚ ਨਿਰੰਤਰ ਪ੍ਰਯੋਗ ਕੀਤੇ ਹਨ।

ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਕਾਵਿ ਨੂੰ ਪ੍ਰਮੁੱਖ ਦੇਣ ਨਾਰੀ-ਸੰਵੇਦਨਾ ਨੂੰ ਕਵਿਤਾ ਦਾ ਅੰਗ ਬਣਾਉਣਾ ਹੈ। 1947 ਈ. ਵਿਚ ਦੇਸ਼ ਦੀ ਵੰਡ ਦੇ ਨਤੀਜੇ ਵਜੋਂ ਫਿਰਕੂ-ਫਸਾਦ ਹੋਏ। ਉਦੋਂ ਪੁਰਸ਼ਾਂ, ਇਸਤਰੀਆਂ ਤੇ ਬੱਚਿਆਂ ਨੂੰ ਕਤਲ ਕੀਤਾ ਗਿਆ। ਇਸਤਰੀਆਂ ਦੀ ਬੇਇੱਜ਼ਤੀ ਕੀਤੀ ਗਈ ਅਤੇ ਉਨ੍ਹਾਂ ਨਾਲ ਦੁਰ-ਵਿਹਾਰ ਕੀਤਾ ਗਿਆ। ਉਸ ਮੌਕੇ ਅੰਮ੍ਰਿਤਾ ਪ੍ਰੀਤਮ ਨੇ 'ਮੈਂ ਤਵਾਰੀਖ ਹਾਂ ਹਿੰਦ ਦੀ', ਨਾਮੀ ਕਵਿਤਾ ਲਿਖੀ।

ਇਸ ਸੰਬੰਧ ਵਿਚ ਗਿਆਨੀ ਹੀਰਾ ਸਿੰਘ ਦਰਦ ਨੇ ਕੁਝ ਸਤਰਾਂ ਉਦਾਹਰਣਾਂ ਸਹਿਤ ਦਿੱਤੀਆਂ ਹਨ ਜਿਨ੍ਹਾਂ ਨੂੰ ਇੱਥੇ ਦਰਸਾਇਆ ਜਾ ਰਿਹਾ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ ਵਿਚ ਇਸਤਰੀ ਦੇ ਵਲਵਲਿਆਂ ਨੂੰ ਸਭ ਤੋਂ ਉੱਚਾ ਸਥਾਨ ਪ੍ਰਾਪਤ ਹੈ। ਵਰਤਮਾਨ ਸਮਾਜ ਵਿਚ ਉਹ ਜਿਸ ਤਰ੍ਹਾਂ ਗੁਲਾਮੀ

Scanned with CamScanner

ਦਾ ਜੀਵਨ ਗੁਜ਼ਾਰਦੀ ਹੈ, ਮਾਪਿਆਂ ਦੇ ਘਰ ਕੈਦ ਹੈ, ਫੇਰ ਸਹੁਰਿਆਂ ਦੇ ਘਰ ਵਿਚ ਕੈਦ ਹੈ। ਵਰਤਮਾਨ ਸਮੇਂ ਆਜ਼ਾਦੀ ਦੇ ਹੁਲਾਰੇ ਉਸ ਨੂੰ ਤੜਫਾਉਂਦੇ ਹਨ, ਪਰ ਸਮਾਜ ਦੀਆਂ ਕਰੜੀਆਂ ਰੋਕਾਂ ਉਸ ਦੇ ਚਾਰ-ਚੁਫੇਰੇ ਕੰਧ ਬਣ ਕੇ ਖਲੋਤੀਆਂ ਹਨ।

ਉਸ ਦੀਆਂ ਕੁਝ ਸਤਰਾਂ ਹੇਠਾਂ ਲਿਖਦੇ ਹਾਂ :-

*ਅੰਨ ਦਾਤਾ !*
*ਮੈਂ ਚੰਮ ਦੀ ਗੁੱਡੀ, ਖੇਡ ਲੈ, ਖਿਡਾ ਲੈ।*
*ਲਹੂ ਦਾ ਪਿਆਲਾ ਪੀ ਲੈ, ਪਿਲਾ ਲੈ।*
*ਤੇਰੇ ਸਾਹਵੇਂ ਖੜੀ ਹਾਂ ਅਹਿ, ਵਰਤਣ ਦੀ ਸ਼ੈ, ਜਿਵੇਂ ਚਾਹੇਂ ਵਰਤ ਲੈ।*
*(ਅੰਨ ਦਾਤਾ)*

'ਅੰਨ ਦਾਤਾ' ਕਵਿਤਾ ਵੀ ਕਾਮੇ ਦੀ ਮੁਟਿਆਰ ਧੀ ਦੇ ਜਜ਼ਬਿਆਂ ਨੂੰ ਪ੍ਰਗਟਾਉਂਦੀ ਹੈ। ਇਸ ਵਿਚ ਉਹ ਜਗੀਰਦਾਰ ਨੂੰ ਕਹਿੰਦੀ ਹੈ ਕਿ ਉਹ ਉਨ੍ਹਾਂ ਦਾ ਪਰਮਾਤਮਾ ਹੈ, ਉਹੀ ਉਨ੍ਹਾਂ ਨੂੰ ਰੋਟੀ ਦਿੰਦਾ ਹੈ। ਉਸ ਦਾ ਪਿਤਾ ਉਸ ਦਾ ਕਾਮਾ ਹੈ। ਉਹ ਕਹਿੰਦੀ ਹੈ ਕਿ ਉਸ ਦਾ ਕੰਮ ਉਸ ਦੀਆਂ ਕਾਮੁਕ ਭਾਵਨਾਵਾਂ ਨੂੰ ਸੰਤੁਸ਼ਟ ਕਰਨਾ ਹੈ। ਉਹ ਉਸ ਦੀ ਜਾਇਦਾਦ ਹੈ।

**ਸਮਾਜਿਕ ਚੇਤਨਾ:-** ਆਧੁਨਿਕ ਪੰਜਾਬੀ ਕਾਵਿ ਨੂੰ ਅੰਮ੍ਰਿਤਾ ਦੀ ਅਗਲੀ ਦੇਣ ਹੈ ਸਮਾਜਿਕ ਚੇਤਨਾ। ਇਸ ਪ੍ਰਵਿਰਤੀ ਦੇ ਪ੍ਰਸਿੱਧ ਕਾਵਿ-ਸੰਗ੍ਰਹਿ 'ਲੰਮੀਆਂ ਵਾਟਾਂ' 'ਸਰਘੀ ਵੇਲੇ' 'ਸੁਨੇਹੜੇ' ਤੇ 'ਅਸ਼ੋਕਾ ਚੇਤੀ' ਅਤੇ 'ਕਸਤੂਰੀ' ਹਨ। ਇਸ ਪੜਾਅ ਦੀਆਂ ਕਵਿਤਾਵਾਂ ਦਾ ਰੰਗ ਸਮਾਜਵਾਦੀ ਹੈ। ਹੁਣ ਉਹ ਸਮਾਜਿਕ ਕਮੀਆਂ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰਗਟਾਉਂਦੀ ਹੈ।

ਕਵਿਤਰੀ ਸਮਾਜਿਕ/ਧਾਰਮਿਕ ਕਦਰਾਂ-ਕੀਮਤਾਂ ਦੀਆਂ ਪ੍ਰਚੱਲਿਤ ਰੂੜ੍ਹੀਆਂ ਪ੍ਰਤੀ ਚੇਤੰਨ ਹੈ, ਇਸ ਲਈ ਉਹ ਸਮਝਦੀ ਹੈ ਕਿ ਸਾਧਾਰਨ ਸਥਿਤੀ ਵਿਚ, ਇੱਥੇ ਪ੍ਰਗਤੀਵਾਦੀ ਵਿਚਾਰਧਾਰਾ ਅਨੁਕੂਲ ਨਵਾਂਪਨ ਜਾਂ ਕਿਸੇ ਕਿਸਮ ਦੇ ਨਰੋਏਪਨ ਦੀ ਆਸ ਕਰਨੀ ਕਠਿਨ ਹੈ। ਯਥਾਰਥ ਨੂੰ ਪੇਸ਼ ਕਰਦਿਆਂ ਕਵਿਤਰੀ ਬੋਲ ਉਠਦੀ ਹੈ:

*ਵੇ ਮੈਂ ਕੀ ਆਖਾਂ ਤੇਰੇ ਦੇਸ਼ ਨੂੰ*
*ਜਿੱਥੇ ਵਰਜਤ ਨਵੀਂ ਵਿਚਾਰ*
*ਜਿੱਥੇ ਵਹਿਮ ਪੜ੍ਹਾਂਦੇ ਇਲਮ ਨੂੰ*
*ਰੱਬ ਵੇਚਣ ਠੇਕੇਦਾਰ*
*ਜਿੱਥੇ ਮਿਹਨਤ ਸੌਂਦੀ ਭੁੱਖਿਆਂ*
*ਤੇ ਵਿਹਲ ਸੌਨੇ ਵਿਕਾਰ*

ਇਵੇਂ ਹੀ 'ਮੈਂ ਗੀਤ ਲਿਖਦੀ ਹਾਂ' ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਆਖਦੀ ਹੈ-

*ਫੇਰ ਦੋਧੇ ਦਾਣਿਆਂ 'ਤੇ, ਜ਼ਹਿਰ ਨਾ ਛਿੜਕੇ ਕੋਈ।*
*ਕਤਲਗਾਹਾਂ ਦੀ ਕਹਾਣੀ, ਫਿਰ ਕੋਈ ਦੁਹਰਾਏ ਨਾ।*
*ਫਿਰ ਕਿਸੇ ਦਾ ਹੁਸਨ, ਮੰਡੀ ਵਿਚ ਬੁਲਾਇਆ ਜਾਏ ਨਾ।*
*ਹਸਰਤਾਂ ਅਜ਼ਮਾਂਦੀਆਂ ਨੇ, ਫਿਰ ਕਲਮ ਦੇ ਜ਼ੋਰ ਨੂੰ।*
*ਮੈਂ ਗੀਤ ਲਿਖਦੀ ਹਾਂ....*

ਇਸੇ ਤਰ੍ਹਾਂ 'ਅੰਨ ਦਾਤਾ' ਕਵਿਤਾ ਵਿਚ ਉਹ ਕਹਿੰਦੀ ਹੈ ਕਿ ਅਜੋਕੀ ਸਮਾਜਿਕ ਅਵਸਥਾ ਵਿਚ ਸਾਧਾਰਣ ਮਨੁੱਖ ਰੋਟੀ ਜਾਂ ਅੰਨ ਕਰਕੇ ਦੂਜੇ ਦਾ ਗ਼ੁਲਾਮ ਬਣਿਆ ਹੋਇਆ ਹੈ :-

**ਪਿਆਰ ਫਲਸਫ਼ਾ :-** ਇਸ ਕਵਿਤਰੀ ਦੀ ਕਵਿਤਾ ਦਾ ਅਗਲਾ ਮਹੱਤਵਪੂਰਨ ਵਿਸ਼ਾ ਪਿਆਰ ਹੈ। ਇਹ ਵਿਸ਼ਾ ਉਂਝ ਤਾਂ ਉਸ ਦੇ ਹਰ ਕਾਵਿ ਸੰਗ੍ਰਹਿ ਵਿਚ ਪ੍ਰਗਟ ਹੋਇਆ ਹੈ, ਪਰ 'ਸੁਨੇਹੜੇ' ਕਾਵਿ ਸੰਗ੍ਰਹਿ ਵਿਚ ਇਸ ਵਿਸ਼ੇ ਦਾ ਪ੍ਰਗਟਾਵਾ ਬਹੁਤ ਖੁਲ੍ਹ ਕੇ ਹੋਇਆ ਹੈ।

ਸੁਨੇਹੜੇ ਕਾਵਿ-ਸੰਗ੍ਰਹਿ ਵਿਚ ਅੰਮ੍ਰਿਤਾ ਪ੍ਰੀਤਮ ਦੀ ਪਿਆਰ ਬਾਰੇ 'Philosophy' ਜਾਂ ਦਰਸ਼ਨ ਵੀ ਵੇਖਣ-ਯੋਗ ਹੈ। ਡਾ. ਹਰਨੇਕ ਸਿੰਘ ਕੋਮਲ ਅਨੁਸਾਰ, ਸੁਨੇਹੜੇ ਕਿਸੇ ਪ੍ਰੀਤ-ਵਿਗੁੱਚੀ ਆਤਮਾ ਦੀ ਆਵਾਜ਼ ਹੈ ਤੇ ਪ੍ਰੀਤ ਦੇ ਸੂਖ਼ਮ ਭਾਵਾਂ ਦਾ ਗਾਇਨ ਹੈ ਇਸ ਵਿਚ ਮੇਲ ਦੀਆਂ ਰੰਗੀਨ ਘੜੀਆਂ ਦਾ ਵਰਨਣ ਵੀ ਹੈ ਤੇ ਬਿਰਹਾ ਵਿਚ ਸੜ ਰਹੀ ਆਤਮਾ ਦੀ ਦਰਦਨਾਕ ਆਵਾਜ਼ ਵੀ। ਪੁਸਤਕ ਦਾ ਆਰੰਭ ਜਿਸ ਕਵਿਤਾ ਨੂਰ ਨਾਲ ਹੁੰਦਾ ਹੈ ਉਹ ਮਿਲਣ ਦੀ ਘੜੀ ਦਾ ਅਨੁਪਮ ਚਿੱਤਰ ਹੈ। ਮੇਲ ਦੀ ਇਸ ਖ਼ੂਬਸੂਰਤ ਘੜੀ ਨੂੰ ਕਵਿਤਰੀ ਨੇ ਪ੍ਰਕਿਰਤੀ ਦੇ ਚਿੰਨ੍ਹਾਂ ਦੁਆਰਾ ਬੜੇ ਸੁੰਦਰ ਸ਼ਬਦਾਂ ਨਾਲ ਚਿਤਰਿਆ ਹੈ :-

*ਮੇਰੀ ਮੁਹੱਬਤ ਸੁਪਨਿਆਂ ਦੇ, ਲੱਖ ਪੱਲੇ ਓਢਦੀ,*
*ਸੱਤੇ ਅਕਾਸ਼ ਫੋਲ ਕੇ, ਤੇਰੀ ਦਹਿਲੀਜ਼ ਢੂੰਡਦੀ।*
*ਹੱਦਾਂ, ਦੀਵਾਰਾਂ, ਦੂਰੀਆਂ, ਤੇ ਹੱਕ ਨਹੀਂ ਕੁਝ ਕੂਣ ਦਾ।*
*ਢੂੰਡਦੀ ਹੈ ਜ਼ਿੰਦਗੀ ਫਿਰ, ਇਕ ਬਹਾਨਾ ਜੀਊਣ ਦਾ।*

ਪਿਆਰ ਵਿਚ ਜਿੱਥੇ ਮਿਲਾਪ ਹੈ, ਉੱਥੇ ਵਿਛੋੜਾ ਵੀ ਹੈ। ਉਦਾਹਰਣ ਵਜੋਂ ਉਹ ਇਕ ਥਾਂ ਲਿਖਦੀ ਹੈ-

*ਅੱਜ ਮੇਰੇ ਦੋ ਕਦਮਾਂ ਨਾਲੋਂ*
*ਕਦਮ ਛੁੱਟਕ ਗਏ ਤੇਰੇ।*
*ਹੱਥ ਮੇਰੇ ਅੱਜ ਵਿੱਥਾਂ ਨਾਪਣ*
*ਅੱਖੀਆਂ ਟੋਹਣ ਹਨੇਰੇ*
*ਜ਼ਿਮੀਂ ਤੋਂ ਲੈ ਕੇ ਅੰਬਰਾਂ ਤੀਕਰ*
*ਘਟਾ ਕਾਲੀਆਂ ਸ਼ਾਹ।*

ਉਸ ਦੇ ਪਿਆਰ ਦਾ ਸਰੂਪ ਆਦਰਸ਼ਵਾਦੀ ਹੈ। ਉਹ ਪਿਆਰ ਦੀ ਖਾਤਿਰ ਹਰ ਕੁਰਬਾਨੀ ਕਰਨ ਲਈ ਤਿਆਰ ਹੈ ਇਸ ਕਰਕੇ ਉਹ ਲਿਖਦੀ ਹੈ:

*ਇਹ ਦੁਨੀਆਂ ਵੀ ਤੇਰੇ ਲੇਖੇ*
*ਉਹ ਦੁਨੀਆਂ ਵੀ ਤੇਰੇ ਲੇਖੇ*
*ਦੋਵੇਂ ਦੁਨੀਆਂ ਵਾਰ ਛੱਡਦੇ*
*ਪਿਆਰ ਕਰਨ ਵਾਲੇ।*

ਉਸ ਨੂੰ ਇਸ ਗੱਲ ਦਾ ਗ਼ਮ ਨਹੀਂ ਕਿ ਉਸ ਦਾ ਇਸ਼ਕ ਅਸਫ਼ਲ ਰਹਿ ਗਿਆ ਹੈ। ਉਹ ਚਾਹੁੰਦੀ ਹੈ ਕਿ ਉਸ ਦਾ ਇਸ਼ਕ ਹੋਰ ਲੋਕਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕ ਪੈਗਾਮ ਦੇ ਜਾਏ :-

*ਇਸ਼ਕ ਹੈ ਨਾਕਾਮ ਮੇਰਾ, ਰਹਿ ਜਾਏ ਨਾਕਾਮ ਇਹ।*
*ਸੋਚਦੀ ਹਾਂ, ਦੇ ਜਾਏ ਪਰ, ਇਕ ਮੇਰਾ ਪੈਗਾਮ ਇਹ:*
*ਗੀਤ ਮੇਰੇ ! ਕਰ ਦੇ ਮੇਰੇ, ਇਸ਼ਕ ਦਾ ਕਰਜ਼ਾ ਅਦਾ।*

## ਕਾਵਿ ਵਿਸ਼ੇਸ਼ਤਾਵਾਂ/ਰੂਪਕ ਪੱਖ

**ਛੰਦਾਬੰਦੀ :-** ਛੰਦ ਦੀ ਵਰਤੋਂ ਉਹ ਆਪਣੀਆਂ ਮੁੱਢਲੀਆਂ ਕਵਿਤਾਵਾਂ ਅੰਦਰ ਕਰਦੀ ਰਹੀ। ਬਾਅਦ ਵਿਚ ਉਹ ਖੁੱਲ੍ਹੀ ਕਵਿਤਾ ਲਿਖਦੀ ਰਹੀ। ਤੁਕਾਂਤ ਦੀ ਵਰਤੋਂ ਵੀ ਆ ਜਾਂਦੀ ਹੈ। ਕਿਤੇ ਤੁਕਾਂਤ ਦੋ ਸਤਰਾਂ ਬਾਅਦ, ਕਿਤੇ ਤਿੰਨਾਂ ਤੋਂ ਬਾਅਦ ਅਤੇ ਕਿਤੇ ਕਈ ਸਤਰਾਂ ਤੋਂ ਬਾਅਦ। ਉਹ ਇਸ ਸੰਬੰਧ ਵਿਚ ਕਿਸੇ ਖਾਸ ਨਿਯਮ ਅੰਦਰ ਆਪਣੇ-ਆਪ ਨੂੰ ਬੰਨ੍ਹ ਕੇ ਨਹੀਂ ਰਖਦੀ।

**ਰਸਾਂ ਦੀ ਹੋਂਦ :-** ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਰਸ' ਭਰਪੂਰ ਹੁੰਦੀ ਹੈ। ਉਸ ਅੰਦਰ ਕਈ ਤਰ੍ਹਾਂ ਦੇ ਰਸ ਵੇਖੇ ਜਾ ਸਕਦੇ ਹਨ ਜਿਵੇਂ- ਸ਼ਿੰਗਾਰ, ਕਰੁਣਾ ਰਸ ਆਦਿ।

**ਕਰੁਣਾ ਰਸ :-** *ਅੱਖਾਂ ਭਰੀਆਂ ਨੇ ਨਾਲ ਗਲੇਡੂਆਂ ਦੇ,*
*ਹੋਂਠ ਭਰੇ ਨੇ ਨਾਲ ਸੁਨੇਹੜਿਆਂ ਦੇ।*
*ਸਾਰ ਜਾਣਦੇ ਨੇ ਏਨ੍ਹਾਂ ਅੱਖਰਾਂ ਦੀ,*
*ਸੱਜਣ ਵਿਛੜੇ ਸੱਜਣਾਂ ਜਿਹੜਿਆਂ ਦੇ।*

**ਤਿੱਖਾ ਵਿਅੰਗ :-** ਅੰਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ ਅੰਦਰ ਤਿੱਖਾ ਵਿਅੰਗ ਹੁੰਦਾ ਹੈ। ਉਸ ਦੀ ਕਵਿਤਾ ਅੰਨ-ਦਾਤਾ ਜਗੀਰਦਾਰੀ ਸਮਾਜ ਉੱਪਰ ਇਕ ਭਾਰੀ ਵਿਅੰਗ ਹੈ। ਇਸ ਵਿਚ ਉਸ ਨੇ ਦੱਸਿਆ ਹੈ ਕਿ ਇਸ ਸਮਾਜ ਅੰਦਰ ਇਸਤਰੀ ਦੀ ਕੋਈ ਇੱਜ਼ਤ ਨਹੀਂ।

Scanned with CamScanner

'ਵਿਆਹੁਤਾ ਨਾਰ' ਕਵਿਤਾ ਵਿਚ ਵੀ ਵਿਅੰਗ ਮਿਲਦਾ ਹੈ।

**ਅਲੰਕਾਰਾਂ ਦੀ ਵਰਤੋਂ**:- ਅਲੰਕਾਰਾਂ ਦੀ ਵਰਤੋਂ ਅੰਮ੍ਰਿਤਾ ਪ੍ਰੀਤਮ ਆਪਣੀਆਂ ਕਵਿਤਾਵਾਂ ਅੰਦਰ ਕਰਦੀ ਹੈ। ਉਹ ਕਈ ਥਾਵਾਂ 'ਤੇ ਉਪਮਾਵਾਂ ਅਤੇ ਰੂਪਕਾਂ ਦੀ ਵਧੀਆ ਵਰਤੋਂ ਕਰਦੀ ਹੈ। ਅਨੁਪ੍ਰਾਸ ਅਲੰਕਾਰ ਦੀ ਵਰਤੋਂ ਵਿਚ ਵੀ ਮਾਹਿਰ ਹੈ।

ਰੂਪਕ ਇਨ੍ਹਾਂ ਸਤਰਾਂ ਅੰਦਰ ਮਿਲਦਾ ਹੈ।

*ਅੰਬਰ ਬੋਰਾ ਢੂੰਡ ਰਿਹਾ ਹੈ,*
*ਧਰਤੀ ਦੀ ਹਰ ਖਦੂੰਰ ਖਾਈ।*

ਇਸੇ ਤਰ੍ਹਾਂ :-

*ਡਾਚੀ ਸਮੇਂ ਦੀ ਅਜੇ ਨਿਖੇੜ ਦੇਂਦੀ,*
*ਸੱਸੀ ਅਜੇ ਵੀ ਪੁੰਨੂ ਦਾ ਖੁਰਾ ਭਾਲੇ, (ਸੁਨੇਹੜੇ)*

**ਪ੍ਰਤੀਕ ਅਤੇ ਬਿੰਬ** :- ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਅੰਦਰ ਕਈ ਤਰ੍ਹਾਂ ਦੇ ਪ੍ਰਤੀਕ ਤੇ ਬਿੰਬ ਮਿਲਦੇ ਹਨ। ਪ੍ਰੋ. ਜਗਜੀਵਨ ਉਸ ਦੇ ਪ੍ਰਤੀਕਾਂ ਬਾਰੇ ਲਿਖਦੇ ਹਨ ਕਿ ਅੰਮ੍ਰਿਤਾ ਦੇ ਪ੍ਰਤੀਕਾਂ ਦਾ ਸਫ਼ਰ ਚਾਨਣ ਤੋਂ ਸ਼ੁਰੂ ਹੋਇਆ ਸੀ ਅਤੇ ਅੱਜ ਉਹਦੇ ਪ੍ਰਤੀਕ ਹਨੇਰੇ ਵਿਚ ਖਲੋ ਕੇ ਚਾਨਣ ਪ੍ਰਤੀ ਨਫ਼ਰਤ ਉਪਜਾ ਰਹੇ ਹਨ।

ਹੇਠਲੀਆਂ ਚਾਰ ਸਤਰਾਂ ਆਪਣੇ-ਆਪ ਵਿਚ ਪੂਰਾ ਬਿੰਬ ਹਨ :-

*ਟੁੱਟੀ ਇੱਕ ਪੱਤੀ ਕਿਸੇ ਟਾਹਣ ਨਾਲੋਂ,*
*ਵਣਾਂ ਵਣਾਂ 'ਚੋਂ ਰੋਹਣੀਆਂ ਬੋਲ ਪਈਆਂ।*
*ਰੋਈਆਂ ਚੂਰੀਆਂ ਤੇ ਛੰਨੇ ਵਿਲਕ ਉਠੇ,*
*ਬੇਲੇ ਬੇਲੇ 'ਚੋਂ ਦੋਹਣੀਆਂ ਬੋਲ ਪਈਆਂ।*
*ਇਸ ਬਰੁਕੀ ਦਾ ਨੰਗਾ ਪਿੰਡਾ*
*ਇਸ ਖ਼ੁਸ਼ਬੂ ਦਾ ਕੱਜਣ ਪਾਟਾ,*
*ਨਾ ਕੋਈ ਮਨ ਦਾ ਓਲਾ ਮਿਲਿਆ*
*ਨਾ ਕੋਈ ਤਨ ਦਾ ਝੁੰਗਲਮਾਟਾ।*

**ਸੰਗੀਤਾਤਮਕਤਾ** :- ਅੰਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ ਸੰਗੀਤਕ ਅੰਸ਼ਾਂ ਨਾਲ ਭਰਪੂਰ ਹੁੰਦੀਆਂ ਹਨ। ਇਹ ਸੰਗੀਤ ਉਹ ਇਸ ਲਈ ਪੈਦਾ ਕਰ ਸਕੀ ਹੈ, ਕਿਉਂ ਜੋ ਉਹ ਸ਼ਬਦਾਂ ਦੇ ਮਹੱਤਵ ਨੂੰ ਸਮਝਦੀ ਹੈ ਅਤੇ ਉਨ੍ਹਾਂ ਦੇ ਅੰਦਰਲੇ ਨਾਦ ਤੋਂ ਵਾਕਿਫ਼ ਹੈ ਢੁੱਕਵੇਂ ਸ਼ਬਦਾਂ ਦੀ ਚੋਣ ਤੇ ਵਰਤੋਂ ਉਸ ਨੂੰ ਆਉਂਦੀ ਹੈ।

**ਆਪ-ਮੁਹਾਰਾਪਨ** :- ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਵਹਾਅ (Flow) ਹੈ, ਜਿਸ ਨੇ ਆਪ ਮੁਹਾਰਤਾ ਨੂੰ ਜਨਮ ਦਿੱਤਾ ਹੈ। ਕਵਿਤਾ ਆਪਣੇ-ਆਪ ਪਾਣੀ ਵਾਂਗ ਤੁਰੀ ਜਾਂਦੀ ਮਹਿਸੂਸ ਹੁੰਦੀ ਹੈ। ਕਵਿਤਾ ਅੰਦਰ 'ਤਰਲਤਾ' ਦਾ ਗੁਣ ਮੌਜੂਦ ਹੈ। ਉਦਾਹਰਣ ਵਜੋਂ-

*ਮੈਂ ਗੀਤ ਲਿਖਦੀ ਹਾਂ....*
*ਉਮਰ ਭਰ ਦੀ ਆਰਜ਼ੂ ਹੈ, ਉਮਰ ਭਰ ਦੇ ਗ਼ਮ ਦਾ ਰਾਜ਼।*
*ਸੋਚਦੀ ਹਾਂ ਸ਼ਾਇਦ ਕੋਈ, ਬਣ ਜਾਏ ਮੇਰੀ ਆਵਾਜ਼।*
*ਬਣ ਜਾਏ ਆਵਾਜ਼ ਮੇਰੀ, ਅਜ ਜ਼ਮਾਨੇ ਦੀ ਆਵਾਜ਼।*
*ਮੇਰੇ ਗ਼ਮ ਦੇ ਰਾਜ਼ ਅੰਦਰ, ਵਸ ਜਾਏ ਦੁਨੀਆਂ ਦਾ ਰਾਜ਼।*

**ਭਾਸ਼ਾ** :- ਅੰਮ੍ਰਿਤਾ ਪ੍ਰੀਤਮ ਕੇਂਦਰੀ, ਠੇਠ ਤੇ ਮੁਹਾਵਰੇਦਾਰ ਪੰਜਾਬੀ ਵਿਚ ਲਿਖਦੀ ਹੈ। ਉਸ ਦੀਆਂ ਕਵਿਤਾਵਾਂ ਦੀ ਭਾਸ਼ਾ ਸਰਲ, ਮਿਠਾਸ ਅਤੇ ਸੌਂਦਰਯ ਭਰਪੂਰ ਹੁੰਦੀ ਹੈ। ਸ਼ਬਦਾਂ ਦੀ ਚੋਣ ਕਰਨ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਫਿੱਟ ਕਰਨ ਵਿਚ ਉਹ ਮਾਹਿਰ ਹੈ। ਉਸ ਵਰਗੀ ਮਿਠਾਸ ਅਤੇ ਸ਼ਿਸ਼ਟਾਚਾਰ ਭਰਪੂਰ ਭਾਸ਼ਾ ਕਿਸੇ ਹੋਰ ਕਵੀ ਜਾਂ ਕਵਿਤਰੀ ਅੰਦਰ ਨਹੀਂ ਮਿਲਦੀ ਉਸ ਦੀ ਭਾਸ਼ਾ ਅੰਦਰ ਰਸ ਹੈ।

ਇੱਥੇ ਅਸੀਂ ਉਸ ਦੀ ਕਵਿਤਾ 'ਅੰਨ ਦਾਤਾ' ਵਿਚੋਂ ਇਕ ਉਦਾਹਰਣ ਦੇ ਰਹੇ ਹਾਂ :-

*'ਅੰਨ ਦਾਤਾ !*
*ਮੇਰੀ ਜੀਭ ਤੇ ਤੇਰਾ ਲੂਣ ਏ*
*ਤੇਰਾ ਨਾਂ ਮੇਰੇ ਬਾਪ ਦਿਆ ਹੋਠਾਂ ਤੇ*
*ਤੇ ਮੇਰੇ ਇਸ ਬੁੱਤ ਵਿਚ ਮੇਰੇ ਬਾਪ ਦਾ ਖ਼ੂਨ ਏ।*
*ਮੈਂ ਕਿਵੇਂ ਬੋਲਾਂ !*

Scanned with CamScanner